# ਨਿਯਮ ਅਤੇ ਸ਼ਰਤਾਂ

ਇਹ ਨਿਯਮ ਅਤੇ ਸ਼ਰਤਾਂ WhatsApp ਦੇ ਉਨ੍ਹਾਂ ਯੂਜ਼ਰਾਂ 'ਤੇ ਲਾਗੂ ਹੁੰਦੇ ਹਨ (ਜਿਨ੍ਹਾਂ ਦੀ ਪਰਿਭਾਸ਼ਾ ਅੱਗੇ ਦਿੱਤੀ ਗਈ ਹੈ), ਜੋ ਐਕਸਿਸ ਬੈਂਕ ਲਿਮਿਟੇਡ ("**ਬੈਂਕ**") ਵੱਲੋਂ WhatsApp 'ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ (ਜਿਨ੍ਹਾਂ ਦੀ ਪਰਿਭਾਸ਼ਾ ਅੱਗੇ ਦਿੱਤੀ ਗਈ ਹੈ) ਦਾ ਲਾਭ ਲੈਂਦੇ ਹਨ ਅਤੇ ਜੋ ਕੁਝ ਚੁਨਿੰਦਾ ਬੈਂਕਿੰਗ ਸੇਵਾਵਾਂ ਲਈ ਯੋਗ ਹਨ। ਇਨ੍ਹਾਂ ਵਿੱਚ ਬੈਂਕ ਵੱਲੋਂ ਸਮੇਂ-ਸਮੇਂ 'ਤੇ ਕੀਤੀਆਂ ਜਾਣ ਵਾਲੀਆਂ ਸਭ ਤਰ੍ਹਾਂ ਦੀਆਂ ਸੋਧਾਂ, ਤਬਦੀਲੀਆਂ ਜਾਂ ਬਦਲਾਵਾਂ ਵੀ ਸ਼ਾਮਲ ਮੰਨੇ ਜਾਣਗੇ, ਜਿਨ੍ਹਾਂ ਨੂੰ ਅੱਗੇ ("**ਨਿਯਮ ਅਤੇ ਸ਼ਰਤਾਂ**") ਕਿਹਾ ਜਾਵੇਗਾ.

**1. ਪਰਿਭਾਸ਼ਾਵਾਂ ਅਤੇ ਵਿਆਖਿਆ**

"**ਖਾਤਾ**" ਤੋਂ ਭਾਵ ਬੈਂਕ ਨਾਲ ਗਾਹਕ ਵੱਲੋਂ ਰੱਖਿਆ ਗਿਆ ਬਚਤ ਖਾਤਾ ਅਤੇ/ਜਾਂ ਚਾਲੂ ਖਾਤਾ ਅਤੇ/ਜਾਂ ਫਿਕਸਡ ਡਿਪਾਜ਼ਿਟ ਅਤੇ/ਜਾਂ ਲੋਨ ਖਾਤਾ ਅਤੇ/ਜਾਂ ਕਾਰਡ ਜਾਂ ਕਿਸੇ ਹੋਰ ਕਿਸਮ ਦਾ ਕੋਈ ਵੀ ਖਾਤਾ ਹੈ.

"**ਖਾਤਾ ਸੰਬੰਧੀ ਸੇਵਾਵਾਂ**" ਤੋਂ ਭਾਵ ਉਹ ਸੇਵਾਵਾਂ ਹਨ ਜੋ ਬੈਂਕ ਦੇ ਗਾਹਕ ਦੇ ਖਾਤੇ ਨਾਲ ਸੰਬੰਧਿਤ ਜਾਣਕਾਰੀ ਨਾਲ ਜੁੜੀਆਂ ਹੁੰਦੀਆਂ ਹਨ, ਜਿਵੇਂ ਕਿ ਬਕਾਇਆ ਰਕਮ ਦੀ ਪੁੱਛਗਿੱਛ, ਸਟੇਟਮੈਂਟ ਦੀ ਬੇਨਤੀ ਆਦਿ, ਜੋ ਬੈਂਕ ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ ਸਮੇਂ-ਸਮੇਂ 'ਤੇ ਯੋਗ ਕਰ ਸਕਦਾ ਹੈ-

"**ਬੈਂਕ ਰਜਿਸਟਰਡ ਨੰਬਰ**" ਤੋਂ ਭਾਵ ਬੈਂਕ ਦਾ ਉਹ ਅਧਿਕਾਰਤ ਨੰਬਰ ਹੈ ਜੋ ਇੱਥੇ ਦਰਸਾਈਆਂ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਲਈ WhatsApp ਨਾਲ ਰਜਿਸਟਰ ਕੀਤਾ ਗਿਆ ਹੈ.-

**"ਗਾਹਕ"** ਤੋਂ ਭਾਵ ਉਹ ਕੋਈ ਵੀ ਵਿਅਕਤੀ ਹੈ ਜਿਸ ਦਾ ਬੈਂਕ ਵਿੱਚ ਖਾਤਾ ਹੋਵੇ.

"ਗਾਹਕ ਦਾ **ਰਜਿਸਟਰਡ ਮੋਬਾਈਲ ਨੰਬਰ**" ਤੋਂ ਭਾਵ ਉਹ ਮੋਬਾਈਲ ਨੰਬਰ ਹੈ ਜੋ ਗਾਹਕ ਵੱਲੋਂ ਬੈਂਕ ਨਾਲ ਰਜਿਸਟਰ ਕੀਤਾ ਗਿਆ ਹੈ. -

**"ਡਿਵਾਈਸ"** ਤੋਂ ਭਾਵ ਕੰਪਿਊਟਰ, ਲੈਪਟਾਪ, ਮੋਬਾਈਲ ਫ਼ੋਨ, ਟੈਬਲੇਟ ਜਾਂ ਹੋਰ ਕੋਈ ਇਸ ਤਰ੍ਹਾਂ ਦਾ ਡਿਵਾਈਸ ਹੈ, ਜੋ ਯੂਜ਼ਰ ਨੂੰ WhatsApp ਤੱਕ ਪਹੁੰਚ ਕਰਨ ਅਤੇ ਸੇਵਾਵਾਂ ਦੀ ਵਰਤੋਂ ਕਰਨ ਯੋਗ ਬਣਾਉਂਦਾ ਹੈ.

"**ਵਨ ਵੇ ਕਮਿਊਨੀਕੇਸ਼ਨ**" ਤੋਂ ਭਾਵ ਉਹ ਸੇਵਾ ਹੈ ਜੋ ਬੈਂਕ ਵੱਲੋਂ WhatsApp 'ਤੇ ਯੂਜ਼ਰ ਨੂੰ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਵਿੱਚ ਬੈਂਕ ਆਪਣੇ ਰਜਿਸਟਰਡ ਨੰਬਰ ਰਾਹੀਂ ਯੂਜ਼ਰ ਨੂੰ ਇੱਕ-ਪੱਖੀ ਮੈਸੇਜ ਭੇਜਦਾ ਹੈ, ਜੋ ਜਾਣਕਾਰੀ, ਅਲਰਟ, ਅੱਪਡੇਟ, ਗਾਹਕ ਦੇ ਖਾਤੇ ਨਾਲ ਸੰਬੰਧਿਤ ਟ੍ਰਾਂਜ਼ੈਕਸ਼ਨ ਅਲਰਟ ਅਤੇ ਹੋਰ ਅਜਿਹੇ ਸੰਚਾਰ ਦੇ ਰੂਪ ਵਿੱਚ ਹੁੰਦੇ ਹਨ, ਜਿਨ੍ਹਾਂ ਨੂੰ ਬੈਂਕ ਆਪਣੇ ਵਿਵੇਕ ਅਧਿਕਾਰ ਅਨੁਸਾਰ ਸਮੇਂ-ਸਮੇਂ 'ਤੇ ਯੋਗ ਕਰ ਸਕਦਾ ਹੈ.

**"ਗੋਪਨੀਯਤਾ ਨੀਤੀ"** ਤੋਂ ਭਾਵ ਉਹੀ ਅਰਥ ਹੈ ਜੋ ਇਸ ਦਸਤਾਵੇਜ਼ ਦੇ ਕਲਾਜ਼ 12 ਵਿੱਚ ਇਸ ਸ਼ਬਦ ਲਈ ਨਿਰਧਾਰਤ ਕੀਤਾ ਗਿਆ ਹੈ;

"**ਸੇਵਾ/ਸੇਵਾਵਾਂ**" ਤੋਂ ਭਾਵ ਬੈਂਕ ਵੱਲੋਂ ਆਪਣੇ ਆਪ ਜਾਂ ਆਪਣੇ ਕਿਸੇ ਵੀ ਸੇਵਾ ਪ੍ਰਦਾਤਾ ਰਾਹੀਂ WhatsApp 'ਤੇ ਯੂਜ਼ਰ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵਨ ਵੇ ਕਮਿਊਨੀਕੇਸ਼ਨ ਅਤੇ ਟੂ ਵੇ ਕਮਿਊਨੀਕੇਸ਼ਨ ਸੇਵਾਵਾਂ ਹਨ. "**ਟੂ ਵੇ ਕਮਿਊਨੀਕੇਸ਼ਨ**" ਤੋਂ ਭਾਵ ਉਹ ਸੇਵਾ ਹੈ ਜੋ ਬੈਂਕ ਵੱਲੋਂ WhatsApp 'ਤੇ ਯੂਜ਼ਰਾਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਵਿੱਚ ਯੂਜ਼ਰ ਬੈਂਕ ਦੇ ਬੈਂਕ ਰਜਿਸਟਰਡ ਨੰਬਰ 'ਤੇ ਬੇਨਤੀਆਂ ਕਰਨ, ਜਾਣਕਾਰੀ ਪ੍ਰਾਪਤ ਕਰਨ, ਸਵਾਲ ਪੁੱਛਣ ਆਦਿ ਦੇ ਰੂਪ ਵਿੱਚ ਮੈਸੇਜ ਭੇਜ ਕੇ ਬੈਂਕ ਨਾਲ ਸੰਚਾਰ ਕਰ ਸਕਦਾ ਹੈ ਅਤੇ ਬੈਂਕ ਅਜਿਹੇ ਮੈਸੇਜ ਦਾ ਜਵਾਬ ਦਿੰਦਾ ਹੈ.

ਹਾਲਾਂਕਿ, ਇਹ ਸੇਵਾ ਅਤੇ ਬੈਂਕ ਵੱਲੋਂ ਦਿੱਤੇ ਜਾਣ ਵਾਲੇ ਜਵਾਬ ਕੇਵਲ ਉਨ੍ਹਾਂ ਹੀ ਸਵਾਲਾਂ, ਜਾਣਕਾਰੀਆਂ, ਬੇਨਤੀਆਂ ਆਦਿ ਤੱਕ ਸੀਮਿਤ ਰਹਿਣਗੇ, ਜਿਨ੍ਹਾਂ ਨੂੰ ਬੈਂਕ ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ ਸਮੇਂ-ਸਮੇਂ 'ਤੇ ਨਿਰਧਾਰਤ ਕਰੇ.

"**ਯੂਜ਼ਰ**" ਤੋਂ ਭਾਵ ਬੈਂਕ ਦਾ ਕੋਈ ਗਾਹਕ ਜਾਂ ਹੋਰ ਕੋਈ ਵੀ ਵਿਅਕਤੀ ਹੈ ਜੋ WhatsApp 'ਤੇ ਬੈਂਕ ਦੇ ਬੈਂਕ ਰਜਿਸਟਰਡ ਨੰਬਰ ਦੀ ਵਰਤੋਂ ਕਰਕੇ ਅਤੇ/ਜਾਂ WhatsApp ਰਾਹੀਂ ਬੈਂਕ ਵੱਲੋਂ ਪ੍ਰਦਾਨ ਕੀਤੀਆਂ ਸੇਵਾਵਾਂ ਦੀ ਵਰਤੋਂ ਕਰਦੇ ਹੋਏ ਬੈਂਕ ਨਾਲ ਸੰਚਾਰ ਕਰਦਾ ਹੈ.

"**ਯੂਜ਼ਰ ਜਾਣਕਾਰੀ**" ਤੋਂ ਭਾਵ ਯੂਜ਼ਰ ਨਾਲ ਸੰਬੰਧਿਤ ਨਿੱਜੀ ਡਾਟਾ ਜਾਂ ਜਾਣਕਾਰੀ, ਜਾਂ ਹੋਰ ਕੋਈ ਵੀ ਅਜਿਹਾ ਡਾਟਾ ਜਾਂ ਜਾਣਕਾਰੀ (ਜਿਸ ਵਿੱਚ ਕੋਈ ਵੀ ਸੰਵੇਦਨਸ਼ੀਲ ਨਿੱਜੀ ਡਾਟਾ ਵੀ ਸ਼ਾਮਲ ਹੈ) ਹੈ, ਜਿਵੇਂ ਕਿ ਯੂਜ਼ਰ ਦੇ ਖਾਤੇ ਦੀ ਬਕਾਇਆ ਰਕਮ ਨਾਲ ਸੰਬੰਧਿਤ ਜਾਣਕਾਰੀ, ਜੋ ਯੂਜ਼ਰ ਵੱਲੋਂ ਸਾਂਝੀ ਕੀਤੀ ਗਈ ਹੋਵੇ, ਜਾਂ ਬੈਂਕ ਵੱਲੋਂ ਯੂਜ਼ਰ ਨੂੰ ਪ੍ਰਦਾਨ ਕੀਤੀ ਗਈ ਹੋਵੇ, ਜਾਂ ਯੂਜ਼ਰ ਤੋਂ, WhatsApp ਤੋਂ ਜਾਂ ਕਿਸੇ ਹੋਰ ਅਜਿਹੇ ਸਰੋਤ ਤੋਂ ਇਕੱਠੀ ਕੀਤੀ ਜਾਂ ਪ੍ਰਾਪਤ ਕੀਤੀ ਗਈ ਹੋਵੇ, ਜਦੋਂ ਯੂਜ਼ਰ ਇੱਥੇ ਦਿੱਤੀਆਂ ਸੇਵਾਵਾਂ ਦਾ ਲਾਭ ਲੈਂਦਾ ਹੈ.

"**WhatsApp**" WhatsApp ਇੰਕ, 1601 ਵਿਲੋ ਰੋਡ, ਮੈਨਲੋ ਪਾਰਕ, ਕੈਲੀਫੋਰਨੀਆ 94025 ਵਲੋਂ ਪ੍ਰਦਾਨ ਕੀਤੀ ਗਈ ਐਪਲੀਕੇਸ਼ਨ ਹੈ.

ਪੁਰਸ਼ ਲਿੰਗ ਦੇ ਸੰਦਰਭ ਵਿੱਚ ਔਰਤ, ਨਿਊਟਰ ਅਤੇ ਇਸ ਦੇ ਉਲਟ ਸੰਦਰਭ ਸ਼ਾਮਲ ਹਨ.

**2. ਸੇਵਾਵਾਂ ਦੀ ਵਰਤੋਂ ਲਈ ਯੋਗਤਾ**

ਯੂਜ਼ਰ ਇੱਥੇ ਸਹਿਮਤ ਹੁੰਦਾ ਹੈ ਅਤੇ ਇਹ ਵਚਨ ਦਿੰਦਾ ਹੈ ਕਿ ਉਹ ਸੇਵਾਵਾਂ ਦੀ ਵਰਤੋਂ ਸਿਰਫ ਉਦੋਂ ਹੀ ਕਰੇਗਾ/ਕਰੇਗੀ ਜੇਕਰ ਉਹ ਹੇਠ ਦਿੱਤੀ ਗਈ ਯੋਗਤਾ ਨੂੰ ਪੂਰਾ ਕਰਦਾ/ਕਰਦੀ ਹੋਵੇ; ਨਹੀਂ ਤਾਂ ਉਹ ਸੇਵਾਵਾਂ ਦੀ ਵਰਤੋਂ ਨਹੀਂ ਕਰੇਗਾ/ਕਰੇਗੀ:
(i) ਯੂਜ਼ਰ ਇੱਕ ਵਿਅਕਤੀਗਤ ਹਸਤੀ ਹੋਵੇ;

(ii) ਯੂਜ਼ਰ ਬਾਲਗ ਹੋਵੇ; ਅਤੇ

(iii) ਯੂਜ਼ਰ ਸਿਹਤਮੰਦ ਦਿਮਾਗ ਵਾਲਾ/ਵਾਲੀ, ਦੇਣਦਾਰੀਆਂ ਚੁਕਾਉਣ ਯੋਗ ਅਤੇ ਕਰਾਰ ਕਰਨ ਲਈ ਯੋਗ ਹੋਵੇ;

**3. ਸੇਵਾਵਾਂ**

ਯੂਜ਼ਰ ਇਹ ਸਵੀਕਾਰ ਕਰਦਾ ਹੈ ਕਿ ਬੈਂਕ ਸਮੇਂ-ਸਮੇਂ 'ਤੇ ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ ਸਿਰਫ ਉਹੀ ਸੇਵਾਵਾਂ ਪ੍ਰਦਾਨ ਕਰਨ ਦਾ ਅਧਿਕਾਰ ਰੱਖਦਾ ਹੈ, ਜਿਨ੍ਹਾਂ ਦੀ ਬੈਂਕ ਵੱਲੋਂ ਇਜਾਜ਼ਤ ਦਿੱਤੀ ਜਾਵੇ. ਬੈਂਕ ਕਿਸੇ ਵੀ ਵਿਸ਼ੇਸ਼ ਸੇਵਾ ਦੀ ਉਪਲਬਧਤਾ ਜਾਂ ਗੈਰ-ਉਪਲਬਧਤਾ ਬਾਰੇ ਵੀ ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ ਸੂਚਿਤ ਕਰ ਸਕਦਾ ਹੈ. ਯੂਜ਼ਰ ਇੱਥੇ ਸਹਿਮਤ ਹੁੰਦਾ ਹੈ ਕਿ ਬੈਂਕ ਕਿਸੇ ਵੀ ਵੇਲੇ, ਬਿਨਾਂ ਯੂਜ਼ਰ ਨੂੰ ਕੋਈ ਸੂਚਨਾ ਦਿੱਤੇ, ਯੂਜ਼ਰ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਤਬਦੀਲੀ ਕਰ ਸਕਦਾ ਹੈ, ਉਨ੍ਹਾਂ ਨੂੰ ਬੰਦ ਕਰ ਸਕਦਾ ਹੈ ਜਾਂ ਉਨ੍ਹਾਂ ਵਿੱਚ ਜੋੜ/ਘਟਾ ਕਰ ਸਕਦਾ ਹੈ. ਯੂਜ਼ਰ ਇਸ ਗੱਲ ਨਾਲ ਵੀ ਸਹਿਮਤ ਹੁੰਦਾ ਹੈ ਕਿ ਜੇਕਰ ਬੈਂਕ ਯੂਜ਼ਰ ਵੱਲੋਂ ਪੁੱਛੇ ਗਏ ਸਵਾਲਾਂ ਜਾਂ ਮੰਗੀ ਗਈ ਜਾਣਕਾਰੀ ਦਾ ਜਵਾਬ ਨਾ ਦੇਵੇ, ਜਾਂ ਯੂਜ਼ਰ ਦੀ ਸੰਤੁਸ਼ਟੀ ਅਨੁਸਾਰ ਜਵਾਬ ਨਾ ਦੇਵੇ, ਜਾਂ ਯੂਜ਼ਰ ਵੱਲੋਂ ਕੀਤੀ ਗਈ ਕਿਸੇ ਵੀ ਬੇਨਤੀ 'ਤੇ ਕਾਰਵਾਈ ਨਾ ਕਰੇ, ਜਿਵੇਂ ਕਿ ਬੈਂਕ ਨੂੰ ਆਪਣੇ ਸਿਸਟਮਾਂ ਵਿੱਚ ਇਸ ਸੰਬੰਧੀ ਕੋਈ ਹਦਾਇਤ ਪ੍ਰਾਪਤ ਨਾ ਹੋਵੇ, ਜਾਂ ਯੂਜ਼ਰ ਵੱਲੋਂ ਭੇਜਿਆ ਗਿਆ ਮੈਸੇਜ ਬੈਂਕ ਵੱਲੋਂ ਨਿਰਧਾਰਤ ਫਾਰਮੈਟ ਅਨੁਸਾਰ ਨਾ ਹੋਵੇ, ਜਾਂ ਉਹ ਮੈਸੇਜ ਉਸ ਵੇਲੇ ਬੈਂਕ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਦੇ ਦਾਇਰੇ ਵਿੱਚ ਨਾ ਆਉਂਦਾ ਹੋਵੇ, ਜਾਂ ਤਕਨੀਕੀ ਕਾਰਨਾਂ ਕਰਕੇ ਜਾਂ ਕਿਸੇ ਹੋਰ ਕਿਸਮ ਦੇ ਕਾਰਨ ਬੈਂਕ ਨੂੰ ਅਜਿਹਾ ਮੈਸੇਜ ਪ੍ਰਾਪਤ ਨਾ ਹੋਵੇ ਤਾਂ ਅਜਿਹੀ ਕਿਸੇ ਵੀ ਸਥਿਤੀ ਵਿੱਚ ਯੂਜ਼ਰ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਵੇਗਾ. ਇਸ ਪਲੇਟਫਾਰਮ ਰਾਹੀਂ ਹੋਣ ਵਾਲੀ ਕਿਸੇ ਵੀ ਕਿਸਮ ਦੀ ਧੋਖਾਧੜੀ ਜਾਂ ਕਿਸੇ ਵੱਲੋਂ ਆਪਣੇ ਆਪ ਨੂੰ ਹੋਰ ਵਿਅਕਤੀ ਵਜੋਂ ਦਰਸਾ ਕੇ ਕੀਤੀ ਗਈ ਕਾਰਵਾਈ ਲਈ ਬੈਂਕ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ. ਇਸ ਤੋਂ ਇਲਾਵਾ, ਜੇਕਰ ਬੈਂਕ ਕਿਸੇ ਐਸੀ ਸੇਵਾ ਦੀ ਇਜਾਜ਼ਤ ਦਿੰਦਾ ਹੈ ਜੋ ਟ੍ਰਾਂਜ਼ੈਕਸ਼ਨ ਦੀ ਪ੍ਰਕਿਰਤੀ ਦੀ ਹੋਵੇ, ਤਾਂ ਯੂਜ਼ਰ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਅਜਿਹੀ ਸੇਵਾ ਸਮੇਂ-ਸਮੇਂ 'ਤੇ ਲਾਗੂ ਹੋਣ ਵਾਲੀਆਂ ਕਾਨੂੰਨੀ/ਨਿਯਮਕ ਸੀਮਾਵਾਂ ਅਤੇ/ਜਾਂ ਬੈਂਕ ਵੱਲੋਂ ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ ਲਗਾਈਆਂ ਜਾਣ ਵਾਲੀਆਂ ਹੋਰ ਕਿਸੇ ਵੀ ਸੀਮਾਵਾਂ ਦੇ ਅਧੀਨ ਹੋਵੇਗੀ.

**4. ਰਜਿਸਟਰੇਸ਼ਨ ਅਤੇ ਪੁਸ਼ਟੀਕਰਨ**

a. ਵਨ ਵੇ ਕਮਿਊਨੀਕੇਸ਼ਨ ਸੇਵਾ ਪ੍ਰਾਪਤ ਕਰਨ ਲਈ, ਯੂਜ਼ਰ ਨੂੰ ਇਹ ਮੰਨਿਆ ਜਾਵੇਗਾ ਕਿ ਉਸ ਨੇ ਇੱਥੇ ਦਰਸਾਈਆਂ ਸੇਵਾਵਾਂ ਪ੍ਰਾਪਤ ਕਰਨ ਲਈ ਲਾਗੂ ਬੈਂਕ ਦੀ ਗੋਪਨੀਯਤਾ ਨੀਤੀ ਨੂੰ ਸਵੀਕਾਰ ਕਰ ਲਿਆ ਹੈ.

b. ਟੂ ਵੇ ਕਮਿਊਨੀਕੇਸ਼ਨ ਸੇਵਾ ਪ੍ਰਾਪਤ ਕਰਨ ਲਈ, ਯੂਜ਼ਰ ਨੂੰ ਇਹ ਮੰਨਿਆ ਜਾਵੇਗਾ ਕਿ ਉਸ ਨੇ (a) ਇੱਥੇ ਦਰਸਾਈਆਂ ਸੇਵਾਵਾਂ ਪ੍ਰਾਪਤ ਕਰਨ ਲਈ ਯੂਜ਼ਰ 'ਤੇ ਲਾਗੂ ਨਿਯਮ ਅਤੇ ਸ਼ਰਤਾਂ; ਅਤੇ (b) ਇੱਥੇ ਦਰਸਾਈਆਂ ਸੇਵਾਵਾਂ ਪ੍ਰਾਪਤ ਕਰਨ ਲਈ ਯੂਜ਼ਰ 'ਤੇ ਲਾਗੂ ਬੈਂਕ ਦੀ ਗੋਪਨੀਯਤਾ ਨੀਤੀ ਨੂੰ ਸਵੀਕਾਰ ਕਰ ਲਿਆ ਹੈ.

ਇਸ ਸ਼ਰਤ ਦੇ ਅਧੀਨ ਕਿ ਬੈਂਕ ਵਨ ਵੇ ਕਮਿਊਨੀਕੇਸ਼ਨ ਅਤੇ/ਜਾਂ ਟੂ ਵੇ ਕਮਿਊਨੀਕੇਸ਼ਨ ਲਈ ਯੂਜ਼ਰ ਦੀ ਪ੍ਰਮਾਣਿਕਤਾ, ਰਜਿਸਟਰੇਸ਼ਨ ਅਤੇ/ਜਾਂ ਪੁਸ਼ਟੀਕਰਨ ਦੀ ਪ੍ਰਕਿਰਿਆ ਨੂੰ ਕਿਸੇ ਵੀ ਵੇਲੇ, ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ, ਬਦਲ ਸਕਦਾ ਹੈ. ਹਾਲਾਂਕਿ ਇਹ ਵੀ ਸ਼ਰਤ ਰਹੇਗੀ ਕਿ ਜੇਕਰ WhatsApp ਰਾਹੀਂ ਬੈਂਕ ਰਜਿਸਟਰਡ ਨੰਬਰ 'ਤੇ ਸੇਵਾਵਾਂ ਲਈ ਕੋਈ ਵੀ ਬੇਨਤੀ ਪ੍ਰਾਪਤ ਹੁੰਦੀ ਹੈ, ਤਾਂ ਬੈਂਕ ਨੂੰ ਗਾਹਕ ਜਾਂ ਯੂਜ਼ਰ ਦੀ ਪ੍ਰਮਾਣਿਕਤਾ ਕਰਨ ਦੀ ਲੋੜ ਨਹੀਂ ਹੋਵੇਗੀ, ਅਤੇ ਗਾਹਕ ਦੇ ਮਾਮਲੇ ਵਿੱਚ, ਜੇਕਰ ਬੇਨਤੀ ਕਰਨ ਵਾਲੇ ਦੇ ਮੋਬਾਈਲ ਵਿੱਚ ਦਰਸਾਇਆ ਗਿਆ ਨੰਬਰ ਗਾਹਕ ਦਾ ਰਜਿਸਟਰਡ ਨੰਬਰ ਹੈ, ਤਾਂ ਬੈਂਕ ਇਹ ਮੰਨਣ ਦਾ ਅਧਿਕਾਰ ਰੱਖੇਗਾ ਕਿ WhatsApp ਰਾਹੀਂ ਸੰਚਾਰ ਕਰ ਰਿਹਾ ਵਿਅਕਤੀ ਖੁਦ ਗਾਹਕ ਹੀ ਹੈ, ਇਸੇ ਤਰ੍ਹਾਂ, ਕਿਸੇ ਹੋਰ ਯੂਜ਼ਰ ਦੇ ਮਾਮਲੇ ਵਿੱਚ, ਬੈਂਕ ਇਹ ਮੰਨਣ ਦਾ ਅਧਿਕਾਰ ਰੱਖੇਗਾ ਕਿ WhatsApp ਪ੍ਰੋਫਾਈਲ ਵਿੱਚ ਦਰਸਾਇਆ ਗਿਆ ਨੰਬਰ ਯੂਜ਼ਰ ਦਾ ਹੀ ਨੰਬਰ ਹੈ ਅਤੇ ਬੈਂਕ ਰਜਿਸਟਰਡ ਨੰਬਰ ਨਾਲ ਸੰਚਾਰ ਕਰ ਰਿਹਾ ਵਿਅਕਤੀ ਖੁਦ ਯੂਜ਼ਰ ਹੀ ਹੈ, ਨਾ ਕਿ ਕੋਈ ਹੋਰ ਵਿਅਕਤੀ.

## 5. ਨਿਯਮ ਅਤੇ ਸ਼ਰਤਾਂ ਦੀ ਲਾਗੂਤਾ ਅਤੇ ਬੈਂਕ ਨੂੰ ਅਧਿਕਾਰ

ਯੂਜ਼ਰ ਇੱਥੇ ਇਹ ਸਵੀਕਾਰ ਕਰਦਾ ਹੈ ਅਤੇ ਸਹਿਮਤ ਹੁੰਦਾ ਹੈ ਕਿ WhatsApp 'ਤੇ ਹੋਣ ਵਾਲੀਆਂ ਸਾਰੀਆਂ ਸੇਵਾਵਾਂ ਅਤੇ ਸੰਚਾਰ (ਵਨ ਵੇ ਕਮਿਊਨੀਕੇਸ਼ਨ ਅਤੇ ਟੂ ਵੇ ਕਮਿਊਨੀਕੇਸ਼ਨ ਦੋਹਾਂ), ਚਾਹੇ ਉਹ ਬੈਂਕ ਵੱਲੋਂ ਸ਼ੁਰੂ ਕੀਤੇ ਜਾਣ ਜਾਂ ਯੂਜ਼ਰ ਵੱਲੋਂ, ਇਨ੍ਹਾਂ ਨਿਯਮ ਅਤੇ ਸ਼ਰਤਾਂ ਦੇ ਅਧੀਨ ਅਤੇ ਉਨ੍ਹਾਂ ਵਲੋਂ ਨਿਯੰਤ੍ਰਿਤ ਹੋਣਗੀਆਂ. ਇਸ ਤੋਂ ਇਲਾਵਾ, ਯੂਜ਼ਰ ਇੱਥੇ ਇਹ ਵੀ ਸਹਿਮਤ ਹੁੰਦਾ ਹੈ ਕਿ ਯੂਜ਼ਰ WhatsApp 'ਤੇ ਬੈਂਕ ਦੇ ਬੈਂਕ ਰਜਿਸਟਰਡ ਨੰਬਰ 'ਤੇ ਕੀਤੀਆਂ ਗਈਆਂ ਬੇਨਤੀਆਂ ਅਨੁਸਾਰ ਸੇਵਾਵਾਂ ਨਿਭਾਉਣ ਲਈ ਬੈਂਕ ਨੂੰ ਸਪਸ਼ਟ ਅਧਿਕਾਰ ਪ੍ਰਦਾਨ ਕਰਦਾ ਹੈ. ਵਨ ਵੇ ਕਮਿਊਨੀਕੇਸ਼ਨ ਸੇਵਾ ਲਈ ਰਜਿਸਟਰੇਸ਼ਨ ਹੋ ਜਾਣ ਤੋਂ ਬਾਅਦ, ਜਾਂ WhatsApp ਰਾਹੀਂ ਕਿਸੇ ਵੀ WhatsApp ਯੂਜ਼ਰ ਵੱਲੋਂ ਬੈਂਕ ਦੇ ਬੈਂਕ ਰਜਿਸਟਰਡ ਨੰਬਰ 'ਤੇ ਕੋਈ ਵੀ ਬੇਨਤੀ ਜਾਂ ਸੰਚਾਰ ਪ੍ਰਾਪਤ ਹੋਣ ਤੋਂ ਬਾਅਦ, ਬੈਂਕ 'ਤੇ ਯੂਜ਼ਰ ਦੀ ਪ੍ਰਮਾਣਿਕਤਾ ਕਰਨ ਜਾਂ ਕਿਸੇ ਵੀ ਯੂਜ਼ਰ ਦੀ ਪਛਾਣ ਦੀ ਪੁਸ਼ਟੀਕਰਨ ਕਰਨ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ. ਬੈਂਕ ਵੱਲੋਂ ਆਪਣੇ ਕੰਪਿਊਟਰ ਸਿਸਟਮਾਂ ਰਾਹੀਂ ਜਾਂ ਹੋਰ ਕਿਸੇ ਤਰੀਕੇ ਨਾਲ ਸੰਭਾਲਿਆ ਗਿਆ ਟ੍ਰਾਂਜ਼ੈਕਸ਼ਨ ਦਾ ਆਪਣਾ ਰਿਕਾਰਡ ਜਾਂ ਲਾਗ ਸਾਰੇ ਉਦੇਸ਼ਾਂ ਲਈ ਅੰਤਿਮ ਅਤੇ ਬੱਝਵਾਂ ਮੰਨਿਆ ਜਾਵੇਗਾ.

## 6. ਜ਼ਿੰਮੇਵਾਰੀਆਂ ਅਤੇ ਭੂਮਿਕਾਵਾਂ

ਯੂਜ਼ਰ ਬਿਨਾਂ ਕਿਸੇ ਸ਼ਰਤ ਦੇ ਅਤੇ ਅਟੱਲ ਤੌਰ 'ਤੇ ਹੇਠ ਲਿਖੀਆਂ ਗੱਲਾਂ ਨਾਲ ਸਹਿਮਤ ਹੁੰਦਾ ਹੈ:
a. ਵਨ ਵੇ ਕਮਿਊਨੀਕੇਸ਼ਨ ਅਤੇ ਟੂ ਵੇ ਕਮਿਊਨੀਕੇਸ਼ਨ ਦੋਵੇਂ ਹਰ ਵੇਲੇ ਇਨ੍ਹਾਂ ਨਿਯਮ ਅਤੇ ਸ਼ਰਤਾਂ ਦੇ ਅਧੀਨ ਰਹਿਣਗੇ ਅਤੇ ਉਨ੍ਹਾਂ ਰਾਹੀਂ ਨਿਯੰਤ੍ਰਿਤ ਕੀਤੇ ਜਾਣਗੇ.

b. ਯੂਜ਼ਰ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਲਾਗੂ ਕਾਨੂੰਨਾਂ ਅਤੇ ਭਾਰਤੀ ਰਿਜ਼ਰਵ ਬੈਂਕ ਅਤੇ/ਜਾਂ ਕਿਸੇ ਹੋਰ ਨਿਯਮਕ/ਕਾਨੂੰਨੀ/ਸਰਕਾਰੀ ਅਥਾਰਟੀ ਵੱਲੋਂ ਸਮੇਂ-ਸਮੇਂ 'ਤੇ ਜਾਰੀ ਜਾਂ ਸੋਧ ਕੀਤੇ ਗਏ ਨਿਯਮਾਂ, ਕਾਇਦਿਆਂ, ਨੋਟੀਫਿਕੇਸ਼ਨਾਂ, ਸਰਕੂਲਰਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਅਧੀਨ ਹੋਣਗੀਆਂ.

c. ਯੂਜ਼ਰ ਬੈਂਕ ਨੂੰ ਉਹ ਸਾਰੀ ਜਾਣਕਾਰੀ ਅਤੇ/ਜਾਂ ਸਹਾਇਤਾ ਪ੍ਰਦਾਨ ਕਰੇਗਾ ਜੋ ਸੇਵਾਵਾਂ ਦੇ ਨਿਰਵਾਹ ਅਤੇ/ਜਾਂ ਬੈਂਕ ਦੀ ਕਿਸੇ ਹੋਰ ਜ਼ਿੰਮੇਵਾਰੀ ਦੀ ਪੂਰਤੀ ਲਈ ਬੈਂਕ ਵੱਲੋਂ ਲੋੜੀਂਦੀ ਹੋਵੇ. ਇਸ ਤੋਂ ਇਲਾਵਾ, ਸੇਵਾਵਾਂ ਨਾਲ ਸੰਬੰਧਿਤ ਸਾਰੀਆਂ ਹਦਾਇਤਾਂ ਰੂਪ ਅਤੇ ਸਮੱਗਰੀ ਦੋਵੇਂ ਪੱਖੋਂ ਬੈਂਕ ਨੂੰ ਸੰਤੁਸ਼ਟ ਕਰਨ ਵਾਲੀਆਂ ਹੋਣਗੀਆਂ.

d. ਖਾਤਾ ਸੰਬੰਧੀ ਸੇਵਾਵਾਂ, ਜਿਨ੍ਹਾਂ ਵਿੱਚ ਕਾਰਡ, ਲੋਨ ਆਦਿ ਨਾਲ ਸੰਬੰਧਿਤ ਸੇਵਾਵਾਂ ਵੀ ਸ਼ਾਮਲ ਹਨ (ਬੈਂਕ ਦੇ ਪੂਰੇ ਵਿਵੇਕ ਅਧਿਕਾਰ ਅਨੁਸਾਰ), ਗਾਹਕਾਂ ਨੂੰ WhatsApp ਪਲੇਟਫਾਰਮ ਰਾਹੀਂ ਕੇਵਲ ਉਸੇ WhatsApp ਖਾਤੇ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ ਜੋ ਗਾਹਕ ਦੇ ਰਜਿਸਟਰਡ ਮੋਬਾਈਲ ਨੰਬਰ ਨਾਲ ਜੁੜਿਆ ਹੋਵੇ.

e. ਬੈਂਕ ਸਮੇਂ-ਸਮੇਂ 'ਤੇ ਡਿਵਾਈਸਾਂ 'ਤੇ ਵਰਤੇ ਜਾਣ ਵਾਲੇ ਆਪਰੇਟਿੰਗ ਸਿਸਟਮਾਂ ਦੇ ਉਹ ਵਰਜ਼ਨ ਦਰਸਾ ਸਕਦਾ ਹੈ ਜੋ ਸੇਵਾਵਾਂ ਲੈਣ ਅਤੇ/ਜਾਂ ਸੇਵਾਵਾਂ ਦੀ ਰਜਿਸਟਰੇਸ਼ਨ ਲਈ ਲੋੜੀਂਦੇ ਹੋਣ. ਬੈਂਕ 'ਤੇ ਇਹ ਬਾਧਤਾ ਨਹੀਂ ਹੋਵੇਗੀ ਕਿ ਉਹ ਆਪਰੇਟਿੰਗ ਸਿਸਟਮਾਂ ਦੇ ਸਾਰੇ ਵਰਜ਼ਨਾਂ ਨੂੰ ਸਹਾਇਤਾ ਪ੍ਰਦਾਨ ਕਰੇ. ਯੂਜ਼ਰ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਉਹ ਆਪਣੇ ਖਰਚ 'ਤੇ ਸਮੇਂ-ਸਮੇਂ 'ਤੇ ਆਪਣੇ ਸਾਫਟਵੇਅਰ, ਹਾਰਡਵੇਅਰ ਅਤੇ ਆਪਰੇਟਿੰਗ ਸਿਸਟਮ ਨੂੰ ਅੱਪਗ੍ਰੇਡ ਕਰਨ ਲਈ ਖੁਦ ਜ਼ਿੰਮੇਵਾਰ ਹੋਵੇਗਾ ਤਾਂ ਜੋ ਉਹ ਬੈਂਕ ਦੇ ਸਿਸਟਮਾਂ ਨਾਲ ਅਨੁਕੂਲ ਰਹਿਣ. ਬੈਂਕ ਨੂੰ ਸਮੇਂ-ਸਮੇਂ 'ਤੇ ਆਪਣੇ ਸਾਫਟਵੇਅਰ, ਹਾਰਡਵੇਅਰ, ਆਪਰੇਟਿੰਗ ਸਿਸਟਮ ਆਦਿ ਨੂੰ ਬਦਲਣ, ਸੋਧਣ ਜਾਂ ਅੱਪਗ੍ਰੇਡ ਕਰਨ ਦੀ ਪੂਰੀ ਆਜ਼ਾਦੀ ਹੋਵੇਗੀ ਅਤੇ ਬੈਂਕ 'ਤੇ ਯੂਜ਼ਰ ਵੱਲੋਂ ਵਰਤੇ ਜਾਂਦੇ ਕਿਸੇ ਵੀ ਸਾਫਟਵੇਅਰ, ਹਾਰਡਵੇਅਰ ਜਾਂ ਆਪਰੇਟਿੰਗ ਸਿਸਟਮ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਕੋਈ ਬਾਧਤਾ ਨਹੀਂ ਹੋਵੇਗੀ, ਅਤੇ ਸੇਵਾਵਾਂ ਦੀ ਲਗਾਤਾਰ ਵਰਤੋਂ ਯੋਗ ਬਣਾਈ ਰੱਖਣਾ ਪੂਰੀ ਤਰ੍ਹਾਂ ਯੂਜ਼ਰ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ.
f. ਯੂਜ਼ਰ ਇਹ ਸਹਿਮਤ ਹੁੰਦਾ ਹੈ ਕਿ ਉਹ ਇੱਥੇ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਨਾਲ ਸੰਬੰਧਿਤ ਕਿਸੇ ਵੀ ਸਮੱਗਰੀ ਜਾਂ ਡਿਜ਼ਾਈਨ ਤੱਤ ਨੂੰ ਵਪਾਰਕ ਉਦੇਸ਼ਾਂ ਲਈ ਦੁਬਾਰਾ ਤਿਆਰ, ਨਕਲ ਜਾਂ ਵੰਡ ਨਹੀਂ ਕਰੇਗਾ.

g. ਕਿਸੇ ਅਪਰਾਧ ਦੀ ਪ੍ਰੇਰਣਾ ਦੇਵੇ ਜਾਂ ਕਿਸੇ ਕਾਨੂੰਨ ਦੀ ਉਲੰਘਣਾ ਲਈ ਉਕਸਾਵੇ:

1. ਲੱਚਰ, ਭੱਦੀ, ਜਾਂ ਅਸ਼ਲੀਲ, ਅਨੈਤਿਕ, ਗੈਰਕਾਨੂੰਨੀ, ਗੈਰ-ਨੈਤਿਕ, ਅਸਮਾਜਿਕ ਆਦਿ ਹੋਵੇ.;
2. ਯੂਜ਼ਰ ਇਸ ਸੇਵਾ ਰਾਹੀਂ ਕੋਈ ਵੀ ਅਜਿਹੀ ਸਮੱਗਰੀ ਜਮ੍ਹਾਂ ਨਹੀਂ ਕਰੇਗਾ ਜਾਂ ਭੇਜੇਗਾ ਨਹੀਂ ਜੋ;
3. ਭਾਰਤ ਵਿੱਚ ਲਾਗੂ ਕਿਸੇ ਵੀ ਪ੍ਰਦੇਸ਼ ਜਾਂ ਕੇਂਦਰੀ ਕਾਨੂੰਨ ਅਤੇ/ਜਾਂ ਉਸ ਅਧਿਕਾਰ ਖੇਤਰ ਦੇ ਕਾਨੂੰਨ ਦੀ ਉਲੰਘਣਾ ਕਰੇ,

ਜਿੱਥੇ ਯੂਜ਼ਰ ਰਹਿੰਦਾ ਹੈ;

4. ਕਿਸੇ ਥਰਡ ਪਾਰਟੀ ਦੇ ਬੌਧਿਕ ਸੰਪਤੀ ਅਧਿਕਾਰਾਂ ਜਾਂ ਕਾਪੀਰਾਈਟ ਦੀ ਉਲੰਘਣਾ ਕਰੇ; ਜਾਂ
5. ਯੂਜ਼ਰ ਜਾਂ ਕਿਸੇ ਹੋਰ ਵਿਅਕਤੀ ਨਾਲ ਸੰਬੰਧਿਤ ਗੋਪਨੀਯਤਾ ਜਾਣਕਾਰੀ ਅਤੇ/ਜਾਂ ਨਿੱਜੀ ਜਾਂ ਸੰਵੇਦਨਸ਼ੀਲ ਜਾਣਕਾਰੀ/ ਡਾਟਾ ਹੋਣਾ.

h. ਬੈਂਕ ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ, ਬਿਨਾਂ ਕਿਸੇ ਜ਼ਿੰਮੇਵਾਰੀ ਲੈਣ ਜਾਂ ਯੂਜ਼ਰ ਨੂੰ ਕੋਈ ਪੂਰਵ ਚੇਤਾਵਨੀ ਦਿੱਤੇ ਬਿਨਾਂ, ਅਜਿਹੀ ਕਿਸੇ ਵੀ ਸਮੱਗਰੀ ਜਾਂ ਸਬਮਿਸ਼ਨ ਨੂੰ ਹਟਾਉਣ ਜਾਂ ਮਿਟਾਉਣ ਦਾ ਅਧਿਕਾਰ ਰੱਖਦਾ ਹੈ ਜੋ ਬੈਂਕ ਦੇ ਅੰਦਰੂਨੀ ਨਿਯਮਾਂ ਦੀ ਉਲੰਘਣਾ ਕਰਦੀ ਹੋਵੇ ਜਾਂ ਜੋ ਅਣਉਚਿਤ ਹੋਵੇ ਜਾਂ ਨੈਤਿਕਤਾ ਦੇ ਖ਼ਿਲਾਫ਼ ਹੋਵੇ.

i. WhatsApp ’ਤੇ ਬੈਂਕ ਵੱਲੋਂ ਭੇਜੇ ਜਾਣ ਵਾਲੇ ਜਵਾਬ ਬੈਕ-ਐਂਡ ’ਤੇ ਚੱਲ ਰਹੇ ਇੱਕ ਪ੍ਰੋਗਰਾਮ ’ਤੇ ਆਧਾਰਿਤ ਹੁੰਦੇ ਹਨ. ਇਹ ਪ੍ਰੋਗਰਾਮ ਯੂਜ਼ਰਾਂ ਦੀਆਂ ਪੁੱਛਗਿੱਛਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਸੰਭਾਲਣ ਲਈ ਤਿਆਰ ਕੀਤਾ ਗਿਆ ਹੈ ਅਤੇ ਸਮੇਂ-ਸਮੇਂ ’ਤੇ ਇਸ ਵਿੱਚ ਸੁਧਾਰ ਕੀਤੇ ਜਾਂਦੇ ਹਨ. ਹਾਲਾਂਕਿ, ਕਿਸੇ ਵੀ ਅਜਿਹੇ ਜਵਾਬ ਲਈ ਜੋ ਯੂਜ਼ਰ ਨੂੰ ਸੰਤੋਸ਼ਜਨਕ ਨਾ ਲੱਗੇ ਜਾਂ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਕਾਰਨ, ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.

j. ਬੈਂਕ ਦੀ ਵਨ ਵੇ ਕਮਿਊਨੀਕੇਸ਼ਨ ਸਰਵਿਸ ਨੂੰ ਸਬਸਕ੍ਰਾਈਬ ਕਰਨ ਨਾਲ, ਯੂਜ਼ਰ ਇਹ ਸਹਿਮਤ ਹੁੰਦਾ ਹੈ ਕਿ ਉਹ ਆਪਣੀਆਂ ਨਿੱਜੀ ਨੋਟੀਫਿਕੇਸ਼ਨ/ਅਲਰਟਸ/ਰਸੀਦ WhatsApp ਰਾਹੀਂ ਪ੍ਰਾਪਤ ਕਰੇਗਾ, ਜਿਸ ਵਿੱਚ ਪੋਰਟਫੋਲਿਓ ਹੋਲਡਿੰਗ, ਟ੍ਰਾਂਜ਼ੈਕਸ਼ਨ ਦੇ ਵੇਰਵੇ, ਵੈਲਯੂ ਐਡਿਡ ਸਬਸਕ੍ਰਿਪਸ਼ਨ, ਅਲਰਟਸ, ਨੋਟੀਫਿਕੇਸ਼ਨ ਸੇਵਾਵਾਂ ਆਦਿ ਸ਼ਾਮਲ ਹਨ. ਯੂਜ਼ਰ ਇਸ ਗੱਲ ਲਈ ਵੀ ਸਹਿਮਤ ਹੁੰਦਾ ਹੈ ਕਿ ਉਹ ਆਪਣੇ ਬੈਂਕ ਨਾਲ ਰਜਿਸਟਰਡ ਮੋਬਾਈਲ ਨੰਬਰ ’ਤੇ WhatsApp ਰਾਹੀਂ ਖਾਤਾ ਅਤੇ ਟ੍ਰਾਂਜੈਕਸ਼ਨ ਅਲਰਟ, ਨਿਯਮਕ ਅੱਪਡੇਟਸ, ਵਿਅਕਤੀਗਤ ਆਫਰ, ਨਵੇਂ ਪ੍ਰੋਡਕਟ ਦੇ ਫੀਚਰ ਆਦਿ ਪ੍ਰਾਪਤ ਕਰੇਗਾ. ਇਸ ਤੋਂ ਇਲਾਵਾ, WhatsApp 'ਤੇ ਵਨ-ਵੇ ਕਮਿਊਨੀਕੇਸ਼ਨ ਸਰਵਿਸ 'ਤੇ ਰਜਿਸਟਰ ਕਰਕੇ, ਯੂਜ਼ਰ ਬੈਂਕ ਨੂੰ ਵਿੱਤੀ ਜਾਂ ਗੈਰ-ਵਿੱਤੀ ਟ੍ਰਾਂਜ਼ੈਕਸ਼ਨ ਲਈ WhatsApp ਅਤੇ/ਜਾਂ ਐਸਐਮਐਸ ਅਤੇ/ਜਾਂ ਈ-ਮੇਲ 'ਤੇ ਯੂਜ਼ਰ ਨੂੰ ਉਪਰੋਕਤ ਅਲਰਟ ਭੇਜਣ ਦਾ ਅਧਿਕਾਰ ਦਿੰਦਾ ਹੈ, ਬੈਂਕ ਦੇ ਆਪਣੇ ਵਿਵੇਕ 'ਤੇ ਐਸਐਮਐਸ ਜਾਂ ਕਿਸੇ ਹੋਰ ਚੈਨਲ 'ਤੇ ਇਨ੍ਹਾਂ ਅਲਰਟ ਨੂੰ ਭੇਜਣਾ ਬੰਦ ਵੀ ਕਰ ਸਕਦਾ ਹੈ.

k. ਯੂਜ਼ਰ ਇਹ ਸਮਝਦਾ ਹੈ ਕਿ WhatsApp ਦੀ ਵਰਤੋਂ ਕਰਨ ਨਾਲ ਕੁਝ ਅਤਿਰਿਕਤ ਖਤਰੇ ਹੋ ਸਕਦੇ ਹਨ. ਇਸ ਤੋਂ ਇਲਾਵਾ, WhatsApp ’ਤੇ ਐਕਸਚੇਂਜ ਕੀਤੀ ਜਾਣ ਵਾਲੀ ਕੋਈ ਵੀ ਜਾਣਕਾਰੀ ਜਾਂ ਮੈਸੇਜ ਥਰਡ ਪਾਰਟੀ ਵੱਲੋਂ ਪੜ੍ਹੇ ਜਾਣ, ਰੋਕੇ ਜਾਣ, ਵਿਚਕਾਰ ਰੋਕਣਾ, ਧੋਖਾਧੜੀ ਦਾ ਸ਼ਿਕਾਰ ਹੋਣ, ਤਬਦੀਲ ਕੀਤੇ ਜਾਣ ਜਾਂ ਭੇਜਣ ਵਿੱਚ ਦੇਰੀ ਹੋਣ ਦੇ ਖਤਰੇ ਦੇ ਅਧੀਨ ਹੋ ਸਕਦੇ ਹਨ. ਇਸ ਸੇਵਾ ਦੀ ਵਰਤੋਂ ਨਾਲ ਪੈਦਾ ਹੋਣ ਵਾਲੇ ਜਾਂ ਇਸ ਨਾਲ ਸੰਬੰਧਿਤ ਕਿਸੇ ਵੀ ਨਤੀਜੇ ਲਈ ਬੈਂਕ ਯੂਜ਼ਰ ਜਾਂ ਕਿਸੇ ਵੀ ਥਰਡ ਪਾਰਟੀ ਪ੍ਰਤੀ ਜ਼ਿੰਮੇਵਾਰ ਨਹੀਂ ਹੋਵੇਗਾ.

l. ਯੂਜ਼ਰ ਇਸ ਗੱਲ ਤੋਂ ਵਾਕਿਫ਼ ਹੈ ਕਿ ਬੈਂਕ ਵੱਲੋਂ ਸੇਵਾਵਾਂ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨਾ ਸੰਭਵ ਨਹੀਂ ਹੋ ਸਕਦਾ. ਇਸ ਸੇਵਾ ਦੀ ਵਰਤੋਂ ਨਾਲ ਪੈਦਾ ਹੋਣ ਵਾਲੇ ਜਾਂ ਇਸ ਨਾਲ ਸੰਬੰਧਿਤ ਕਿਸੇ ਵੀ ਨਤੀਜੇ ਲਈ ਬੈਂਕ ਯੂਜ਼ਰ ਜਾਂ ਕਿਸੇ ਵੀ ਥਰਡ ਪਾਰਟੀ ਪ੍ਰਤੀ ਜ਼ਿੰਮੇਵਾਰ ਨਹੀਂ ਹੋਵੇਗਾ.

m. ਯੂਜ਼ਰ ਜਾਣਦਾ ਹੈ ਕਿ WhatsApp ਵਰਗੀਆਂ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਲਈ ਪ੍ਰਮਾਣਿਕਤਾ ਤਕਨਾਲੋਜੀਆਂ ਅਤੇ ਕੜੇ ਸੁਰੱਖਿਆ ਉਪਾਅ ਲੋੜੀਂਦੇ ਹੁੰਦੇ ਹਨ. ਯੂਜ਼ਰ ਇਹ ਵਚਨ ਦਿੰਦਾ ਹੈ ਕਿ ਯੂਜ਼ਰ ਆਪਣਾ ਪਾਸਵਰਡ ਕਿਸੇ ਵੀ ਥਰਡ ਪਾਰਟੀ ਨੂੰ, ਜਿਸ ਵਿੱਚ ਬੈਂਕ ਦੇ ਕਰਮਚਾਰੀ ਅਤੇ ਡੀਲਰ ਵੀ ਸ਼ਾਮਲ ਹਨ, ਪ੍ਰਗਟ ਨਹੀਂ ਕਰੇਗਾ. ਇਨ੍ਹਾਂ ਸੇਵਾਵਾਂ ਦੀ ਵਰਤੋਂ ਦੌਰਾਨ ਯੂਜ਼ਰ ਅਤੇ ਬੈਂਕ ਦਰਮਿਆਨ ਹੋਣ ਵਾਲੇ ਸਾਰੇ ਸੰਚਾਰ ਲਈ ਯੂਜ਼ਰ ਖੁਦ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ.

n. ਯੂਜ਼ਰ ਸਮਝਦਾ ਹੈ ਕਿ ਉਸ ਦਾ ਡਿਵਾਈਸ. ਅਜਿਹੇ ਖਤਰਿਆਂ ਲਈ ਸੰਵੇਦਨਸ਼ੀਲ ਹੈ, ਜਿਸ ਵਿੱਚ ਸ਼ਾਮਲ ਹਨ ਪਰ ਇਨ੍ਹਾਂ ਤੱਕ ਸੀਮਿਤ ਨਹੀਂ—(i) ਅਣਅਧਿਕਾਰਤ ਵਿਅਕਤੀਆਂ ਵੱਲੋਂ ਡਿਵਾਈਸ ਵਿੱਚ ਮੌਜੂਦ ਡਾਟਾ/ਜਾਣਕਾਰੀ ਤੱਕ ਪਹੁੰਚ; (ii) ਪਛਾਣ ਦੀ ਚੋਰੀ; (iii) ਗੋਪਨੀਯਤਾ ਦੀ ਉਲੰਘਣਾ; (iv) ਸਟੀਲਥ ਸਾਫਟਵੇਅਰ, ਮਾਲਵੇਅਰ, ਵਾਇਰਸ ਆਦਿ ਦੀ ਸਥਾਪਨਾ; (v) ਕਾਰਜਾਂ ਦਾ ਅਸਮਰੱਥ ਹੋਣਾ ਜਾਂ ਵਿਗਾੜ; (vi) ਐਨਕ੍ਰਿਪਟ ਕੀਤੇ ਡਾਟਾ/ਮੈਸੇਜ ਦੀ ਟ੍ਰਾਂਸਮਿਸ਼ਨ ਵਿਚ ਦਖਲ ਆਦਿ ਸ਼ਾਮਲ ਹਨ. ਇਸ ਸੇਵਾ ਦੀ ਵਰਤੋਂ ਨਾਲ ਪੈਦਾ ਹੋਣ ਵਾਲੇ ਜਾਂ ਇਸ ਨਾਲ ਸੰਬੰਧਿਤ ਕਿਸੇ ਵੀ ਨਤੀਜੇ ਲਈ ਬੈਂਕ ਯੂਜ਼ਰ ਜਾਂ ਕਿਸੇ ਵੀ ਥਰਡ ਪਾਰਟੀ ਪ੍ਰਤੀ ਜ਼ਿੰਮੇਵਾਰ ਨਹੀਂ ਹੋਵੇਗਾ. ਯੂਜ਼ਰ ਤੁਰੰਤ ਸੇਵਾਵਾਂ ਤੋਂ ਬਾਹਰ ਨਿਕਲਣ ਲਈ ਸੇਵਾਵਾਂ ਦੀ ਡੀ-ਰਜਿਸਟਰੇਸ਼ਨ ਕਰੇਗਾ.

o. ਯੂਜ਼ਰ ਆਪਣੇ ਰਜਿਸਟਰਡ ਮੋਬਾਈਲ ਨੰਬਰ ਨਾਲ ਜੁੜੇ WhatsApp ਖਾਤੇ ਦੀ ਸੁਰੱਖਿਆ ਦੇ ਉਚਿਤ ਉਪਾਅ ਬਣਾਈ ਰੱਖਣ ਲਈ ਖੁਦ ਜ਼ਿੰਮੇਵਾਰ ਹੈ ਅਤੇ ਯੂਜ਼ਰ ਦੇ ਖਾਤੇ ਦੀ ਸੁਰੱਖਿਆ ਸਬੰਧੀ ਕਿਸੇ ਵੀ ਤਰੀਕੇ ਨਾਲ ਬੈਂਕ ਕੋਈ ਜ਼ਿੰਮੇਵਾਰੀ ਜਾਂ ਜਵਾਬਦੇਹੀ ਨਹੀਂ ਲਵੇਗਾ.

p. ਯੂਜ਼ਰ ਯੋਗ ਨੈੱਟਵਰਕ ਕਨੈਕਸ਼ਨ ਯਕੀਨੀ ਬਣਾਵੇਗਾ ਅਤੇ ਮੈਸੇਜ ਦੀ ਪ੍ਰਾਪਤੀ ਨੈੱਟਵਰਕ ਕਨੈਕਸ਼ਨ 'ਤੇ ਨਿਰਭਰ ਰਹੇਗੀ, ਬੈਂਕ ਵੱਲੋਂ ਜਵਾਬਾਂ ਵਿੱਚ ਹੋਣ ਵਾਲੀ ਕਿਸੇ ਵੀ ਦੇਰੀ, ਮੁਅੱਤਲੀ, ਰੁਕਾਵਟ ਜਾਂ ਜਵਾਬ ਨਾ ਮਿਲਣ ਲਈ ਬੈਂਕ ਨੂੰ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਜਾਂ ਜਵਾਬਦੇਹ ਨਹੀਂ ਠਹਿਰਾਇਆ ਜਾਵੇਗਾ.

q. ਯੂਜ਼ਰ ਜਾਣਦਾ ਹੈ ਕਿ ਕਿਸੇ ਵੀ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਵਿੱਚ ਕਈ ਅਨਿਸ਼ਚਿਤ ਤੱਤ ਅਤੇ ਜਟਿਲ ਸਾਫਟਵੇਅਰ, ਹਾਰਡਵੇਅਰ, ਸਿਸਟਮ ਆਦਿ ਸ਼ਾਮਲ ਹੁੰਦੇ ਹਨ, ਜੋ ਰੁਕਾਵਟਾਂ ਅਤੇ ਵਿਘਨਾਂ ਲਈ ਸੰਵੇਦਨਸ਼ੀਲ ਹੁੰਦੇ ਹਨ. ਬੈਂਕ ਇਸ ਗੱਲ ਦੀ ਕੋਈ ਪ੍ਰਤਿਨਿਧਿਤਾ ਜਾਂ ਵਾਰੰਟੀ ਨਹੀਂ ਦਿੰਦਾ ਕਿ ਸੇਵਾਵਾਂ ਹਮੇਸ਼ਾਂ ਬਿਨਾਂ ਕਿਸੇ ਰੁਕਾਵਟ, ਦੇਰੀ ਜਾਂ ਮੁਅੱਤਲੀ ਦੇ ਉਪਲਬਧ ਰਹਿਣਗੀਆਂ, ਅਤੇ WhatsApp ਦੀ ਵਰਤੋਂ ਨਾ ਹੋ ਸਕਣ ਜਾਂ ਕਿਸੇ ਵੀ ਕਾਰਨ ਕਰਕੇ ਸ਼ਰਤਾਂ ਵਿੱਚ ਹੋਣ ਵਾਲੇ ਬਦਲਾਵਾਂ, ਘਟਾਵ ਜਾਂ ਲਾਗੂ ਕੀਤੀਆਂ ਗਈਆਂ ਪਾਬੰਦੀਆਂ ਲਈ ਬੈਂਕ ਕੋਈ ਜ਼ਿੰਮੇਵਾਰੀ ਨਹੀਂ ਲਵੇਗਾ.

r. ਯੂਜ਼ਰ ਇਸ ਗੱਲ ਨਾਲ ਸਹਿਮਤ ਹੈ ਕਿ ਸੇਵਾ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਅੱਤਲੀ, ਰੁਕਾਵਟ, ਅਣਉਪਲਬਧਤਾ ਜਾਂ ਖਰਾਬੀ ਜਿਸ ਵਿੱਚ ਬੈਂਕ ਪੱਖੋਂ ਕਿਸੇ ਵੀ ਲਿੰਕ/ਮੋਬਾਈਲ/ਸਿਸਟਮ ਦੀ ਨਾਕਾਮੀ ਵੀ ਸ਼ਾਮਲ ਹੈ, ਦੇ ਕਾਰਨ ਯੂਜ਼ਰ ਬੈਂਕ ਖ਼ਿਲਾਫ਼ ਕੋਈ ਵੀ ਦਾਅਵਾ ਨਹੀਂ ਕਰੇਗਾ.

s. ਬੈਂਕ ਨੂੰ ਕਿਸੇ ਵੀ ਵੇਲੇ, ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ, ਬਿਨਾਂ ਯੂਜ਼ਰ ਨੂੰ ਕੋਈ ਪੂਰਵ ਸੂਚਨਾ ਦਿੱਤੇ, ਯੂਜ਼ਰ ਦੇ ਸੇਵਾ ਦੀ ਵਰਤੋਂ ਕਰਨ ਦੇ ਅਧਿਕਾਰ ਨੂੰ ਵਾਪਸ ਲੈਣ ਦਾ ਹੱਕ ਹੋਵੇਗਾ.

t. ਇਹ ਨਿਯਮ ਅਤੇ ਸ਼ਰਤਾਂ ਬੈਂਕ ਵੱਲੋਂ ਕਿਸੇ ਵੀ ਵੇਲੇ, ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ, ਬਿਨਾਂ ਕੋਈ ਪੂਰਵ ਸੂਚਨਾ ਦਿੱਤੇ, ਵਾਪਸ ਲਈਆਂ, ਰੱਦ ਕੀਤੀਆਂ ਜਾਂ ਸੋਧੀਆਂ ਜਾ ਸਕਦੀਆਂ ਹਨ.

u. ਬੈਂਕ ਗਾਹਕ ਵਲੋਂ ਪ੍ਰਦਾਨ ਕੀਤੇ ਗਏ ਗਾਹਕ ਦੇ ਮੋਬਾਈਲ ਨੰਬਰ ਅਤੇ/ਜਾਂ ਈ-ਮੇਲ ਐਡਰੈੱਸ 'ਤੇ ਅਲਰਟ ਅਤੇ ਖਾਤੇ ਸੰਬੰਧੀ ਜਾਣਕਾਰੀ ਭੇਜੇਗਾ. ਗਾਹਕ ਦੀ ਪੂਰੀ ਜ਼ਿੰਮੇਵਾਰੀ ਹੈ ਕਿ ਇਹ ਸੁਨਿਸ਼ਚਿਤ ਕਰੇ ਕਿ ਬੈਂਕ ਨੂੰ ਪ੍ਰਦਾਨ ਕੀਤਾ ਗਿਆ ਮੋਬਾਈਲ ਨੰਬਰ ਅਤੇ ਈ-ਮੇਲ ਐਡਰੈੱਸ ਸਹੀ ਹੈ ਅਤੇ ਬੈਂਕ ਦੇ ਰਿਕਾਰਡ ਵਿੱਚ ਅੱਪਡੇਟ ਰੱਖਿਆ ਗਿਆ ਹੈ

v. ਐਕਸਿਸ ਬੈਂਕ ਗਾਹਕ ਅਧਿਕਾਰ ਪਾਲਿਸੀ - https://www.axis.bank.in/docs/defaultsource/noticeboard/importantnotice/customer--rights-policy.pdf

w. ਐਕਸਿਸ ਬੈਂਕ ਹੈਲਪਡੈਸਕ ਅਤੇ ਸ਼ਿਕਾਇਤ ਨਿਵਾਰਣ ਪਾਲਿਸੀ ਦੇ ਨਿਯਮ ਅਤੇ ਸ਼ਰਤਾਂ - https://www.axis.bank.in/docs/default-source/default-document-library/grievance-redressal/grievance-redressal-policy.pdf?sfvrsn=3866ba1d_14

## 7. ਸੁਰੱਖਿਆ ਉਪਾਅ -

a. ਯੂਜ਼ਰ ਇੱਥੇ ਬਿਨਾਂ ਕਿਸੇ ਸ਼ਰਤ ਦੇ ਅਤੇ ਅਟੱਲ ਤੌਰ 'ਤੇ ਇਹ ਸਮਝਦਾ ਹੈ ਅਤੇ ਸਹਿਮਤ ਹੁੰਦਾ ਹੈ ਕਿ ਉਹ ਲਾਜ਼ਮੀ ਤੌਰ 'ਤੇ: a) ਆਪਣੇ ਡਿਵਾਈਸ ਦੇ ਪਾਸਵਰਡ ਪੂਰੀ ਤਰ੍ਹਾਂ ਅਤੇ ਸਖ਼ਤੀ ਨਾਲ ਗੁਪਤ ਰੱਖਣੇ ਹੋਣਗੇ ਅਤੇ ਕਿਸੇ ਵੀ ਹਾਲਤ ਵਿੱਚ ਕਿਸੇ ਹੋਰ ਵਿਅਕਤੀ ਨੂੰ ਕੋਈ ਵੀ ਪਾਸਵਰਡ ਪ੍ਰਗਟ ਨਹੀਂ ਕਰਨਾ; b) ਪਾਸਵਰਡ ਯਾਦ ਰੱਖਣੇ ਹੋਣਗੇ ਅਤੇ ਉਨ੍ਹਾਂ ਨੂੰ ਕਿਸੇ ਵੀ ਲਿਖਤੀ ਜਾਂ ਇਲੈਕਟ੍ਰਾਨਿਕ ਰੂਪ ਵਿੱਚ ਦਰਜ ਨਹੀਂ ਕਰਨਾ; c) ਕਿਸੇ ਵੀ ਬਿਨਾਂ ਅਧਿਕਾਰ ਵਾਲੇ ਵਿਅਕਤੀ ਨੂੰ ਆਪਣੇ ਡਿਵਾਈਸ ਤੱਕ ਪਹੁੰਚ ਨਹੀਂ ਦੇਣੀ ਅਤੇ WhatsApp ਦੀ ਵਰਤੋਂ ਦੌਰਾਨ ਡਿਵਾਈਸ ਨੂੰ ਬਿਨਾਂ ਨਿਗਰਾਨੀ ਦੇ ਨਹੀਂ ਛੱਡਣਾ; d) ਆਪਣੇ ਡਿਵਾਈਸ 'ਤੇ ਪਾਸਕੋਡ ਜਾਂ ਪਾਸਵਰਡ ਜਾਂ ਪਿਨ ਜਾਂ ਇਸੇ ਤਰ੍ਹਾਂ ਦੀ ਸਿਕਿਓਰਿਟੀ ਕੀ ਲਗਾ ਕੇ ਪਹੁੰਚ ਨੂੰ ਲਾਕ/ਸੀਮਿਤ ਕਰਨਾ ਅਤੇ ਅਜਿਹੇ ਪਾਸਕੋਡ/ਪਾਸਵਰਡ/ਪਿਨ/ਸਿਕਿਓਰਿਟੀ ਕੀ ਨੂੰ ਕਿਸੇ ਹੋਰ ਵਿਅਕਤੀ ਨਾਲ ਸਾਂਝਾ ਨਹੀਂ ਕਰਨਾ; e) ਡਿਵਾਈਸ ਪ੍ਰਦਾਤਾ ਵੱਲੋਂ ਡਿਵਾਈਸ 'ਤੇ ਲਾਗੂ ਕੀਤੀਆਂ ਗਈਆਂ ਕਿਸੇ ਵੀ ਪਾਬੰਦੀਆਂ ਨੂੰ ਨਾ ਹਟਾਏ; ਅਤੇ ਡਿਵਾਈਸ ਵਿੱਚ ਰੈਨਸਮਵੇਅਰ, ਮਾਲਵੇਅਰ, ਵਾਇਰਸ ਜਾਂ ਕਿਸੇ ਹੋਰ ਕਿਸਮ ਦੇ ਸੁਰੱਖਿਆ ਖ਼ਤਰੇ ਦੇ ਦਾਖ਼ਲ ਹੋਣ ਤੋਂ ਬਚਾਅ ਲਈ ਲੋੜੀਂਦੀਆਂ ਸਾਵਧਾਨੀਆਂ ਅਪਣਾਏ, ਜਿਸ ਵਿੱਚ ਯੋਗ ਐਂਟੀ-ਵਾਇਰਸ ਸੁਰੱਖਿਆ ਇੰਸਟਾਲ ਕਰਨਾ ਵੀ ਸ਼ਾਮਲ ਹੈ. ਯੂਜ਼ਰ ਇੱਥੇ ਸਹਿਮਤ ਹੁੰਦਾ ਹੈ ਅਤੇ ਸਵੀਕਾਰ ਕਰਦਾ ਹੈ ਕਿ ਉਹ ਹਰ ਸਮੇਂ ਆਪਣੇ ਸਿਮ ਕਾਰਡ, ਡਿਵਾਈਸ ਅਤੇ ਉਨ੍ਹਾਂ 'ਤੇ ਇੰਸਟਾਲ ਕੀਤੀ ਐਪਲੀਕੇਸ਼ਨ (ਖਾਸ ਕਰਕੇ WhatsApp), ਲਾਗ-ਇਨ ਆਈਡੀ, ਯੂਜ਼ਰ ਜਾਣਕਾਰੀ, ਸੁਰੱਖਿਆ ਵੇਰਵੇ ਅਤੇ

ਪਾਸਵਰਡ ਦੀ ਸੁਰੱਖਿਆ ਅਤੇ ਸੁਰੱਖਿਅਤ ਸੰਭਾਲ ਲਈ ਪੂਰੀ ਤਰ੍ਹਾਂ ਖੁਦ ਜ਼ਿੰਮੇਵਾਰ ਹੋਵੇਗਾ, ਅਤੇ ਇਹ ਵੀ ਪੂਰੀ ਤਰ੍ਹਾਂ ਸਹਿਮਤ ਹੈ ਕਿ ਇਨ੍ਹਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਸਮਝੌਤਾ ਹੋਣ ਕਾਰਨ ਕੀਤੀ ਜਾਂ ਨਾ ਕੀਤੀ ਗਈ ਕਿਸੇ ਵੀ ਕਾਰਵਾਈ ਤੋਂ ਪੈਦਾ ਹੋਣ ਵਾਲੇ ਸਿੱਧੇ, ਅਸਿੱਧੇ, ਨਤੀਜਤਨ ਜਾਂ ਹੋਰ ਕਿਸੇ ਵੀ ਨੁਕਸਾਨ ਲਈ ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ. ਅੱਗੇ, ਯੂਜ਼ਰ ਇਹ ਵੀ ਸਹਿਮਤ ਹੈ ਕਿ ਉਹ ਆਪਣੇ ਸਿਮ ਕਾਰਡ ਦੇ ਗੁੰਮ ਹੋਣ ਜਾਂ ਆਪਣੇ ਸਿਮ ਕਾਰਡ ਨੂੰ ਕਿਸੇ ਹੋਰ ਡਿਵਾਈਸ ਵਿੱਚ ਟ੍ਰਾਂਸਫਰ ਕਰਨ ਨਾਲ ਜੁੜੇ ਖ਼ਤਰੇ ਸਮਝਦਾ ਹੈ. ਬੈਂਕ ਯੂਜ਼ਰ ਨੂੰ ਮਜ਼ਬੂਤੀ ਨਾਲ ਸਲਾਹ ਦਿੰਦਾ ਹੈ ਕਿ WhatsApp 'ਤੇ ਸੇਵਾਵਾਂ ਦੀ ਵਰਤੋਂ ਲਈ, ਡਿਵਾਈਸ ਬਦਲਣ ਸਮੇਂ WhatsApp ਐਪਲੀਕੇਸ਼ਨ ਨੂੰ ਡਿਲੀਟ ਕਰ ਦਿੱਤਾ ਜਾਵੇ. ਅੱਗੇ, ਯੂਜ਼ਰ ਆਪਣੇ ਕਯੂਆਰ ਕੋਡ ਦੇ ਸਮਝੌਤਾ ਹੋਣ ਅਤੇ ਇਸ ਨਾਲ WhatsApp 'ਤੇ ਪੈ ਸਕਦੇ ਪ੍ਰਭਾਵਾਂ (ਜਿਸ ਵਿੱਚ ਥਰਡ ਪਾਰਟੀ ਵੱਲੋਂ ਯੂਜ਼ਰ ਦੇ WhatsApp ਅਤੇ ਸੇਵਾਵਾਂ ਤੱਕ ਪਹੁੰਚ ਵੀ ਸ਼ਾਮਲ ਹੈ) ਦੇ ਖ਼ਤਰੇ ਨੂੰ ਸਮਝਦਾ ਹੈ. ਯੂਜ਼ਰ ਇਸ ਗੱਲ ਨਾਲ ਸਹਿਮਤ ਹੈ ਕਿ ਯੂਜ਼ਰ ਦੇ WhatsApp ਨਾਲ ਸੰਬੰਧਿਤ ਕਿਸੇ ਵੀ ਅਜਿਹੇ ਸਮਝੌਤੇ ਦੀ ਸਥਿਤੀ ਵਿੱਚ ਬੈਂਕ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ ਅਤੇ ਅਜਿਹੀ ਕਿਸੇ ਵੀ ਘਟਨਾ ਲਈ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ. ਅੱਗੇ, ਯੂਜ਼ਰ ਇਹ ਵੀ ਸਹਿਮਤ ਹੁੰਦਾ ਹੈ ਅਤੇ ਸਮਝਦਾ ਹੈ ਕਿ WhatsApp ਇੱਕੋ ਵੇਲੇ ਇੱਕ ਤੋਂ ਵੱਧ ਡਿਵਾਈਸ 'ਤੇ ਵੀ ਲਾਗ-ਇਨ ਕੀਤਾ ਜਾ ਸਕਦਾ ਹੈ, ਜਿਸ ਵਿੱਚ ਵੈੱਬ ਲਾਗ-ਇਨ ਰਾਹੀਂ ਵੀ ਸ਼ਾਮਲ ਹੈ, ਅਤੇ ਯੂਜ਼ਰ ਸੇਵਾਵਾਂ ਦੀ ਵਰਤੋਂ ਦੌਰਾਨ ਇਸ ਨਾਲ ਜੁੜੇ ਖ਼ਤਰੇ (ਜਿਵੇਂ ਕਿ ਯੂਜ਼ਰ ਜਾਣਕਾਰੀ ਦਾ ਸਮਝੌਤਾ ਹੋਣਾ, ਯੂਜ਼ਰ ਦੇ WhatsApp ਖਾਤੇ ਦੀ ਸੁਰੱਖਿਆ ਵਿੱਚ ਉਲੰਘਣਾ ਕਿਸੇ ਹੋਰ ਡਿਵਾਈਸ ਰਾਹੀਂ ਆਦਿ) ਤੋਂ ਪੂਰੀ ਤਰ੍ਹਾਂ ਜਾਣੂ ਹੈ, ਯੂਜ਼ਰ ਸਾਵਧਾਨ ਅਤੇ ਚੌਕਸ ਰਹਿਣ ਦਾ ਵਚਨ ਦਿੰਦਾ ਹੈ ਅਤੇ ਆਪਣੇ WhatsApp ਖਾਤੇ ਦੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹੈ. ਇਸ ਸੇਵਾ ਦੀ ਵਰਤੋਂ ਨਾਲ ਪੈਦਾ ਹੋਣ ਵਾਲੇ ਜਾਂ ਇਸ ਨਾਲ ਸੰਬੰਧਿਤ ਕਿਸੇ ਵੀ ਨਤੀਜੇ ਲਈ ਬੈਂਕ ਯੂਜ਼ਰ ਜਾਂ ਕਿਸੇ ਵੀ ਥਰਡ ਪਾਰਟੀ ਪ੍ਰਤੀ ਜ਼ਿੰਮੇਵਾਰ ਨਹੀਂ ਹੋਵੇਗਾ.

ਯੂਜ਼ਰ ਇਸ ਗੱਲ ਨਾਲ ਵੀ ਸਹਿਮਤ ਹੁੰਦਾ ਹੈ ਅਤੇ ਮੰਨਦਾ ਹੈ ਕਿ ਜਿਹੜਾ ਵੀ ਵਿਅਕਤੀ ਕਿਸੇ ਵੀ ਅਜਿਹੀ ਈ-ਮੇਲ/ਫ਼ੋਨ ਨੰਬਰ/ਪ੍ਰਮਾਣਿਕਤਾ ਦੇ ਸਾਧਨ/ਗਾਹਕ ਦੇ ਰਜਿਸਟਰਡ ਮੋਬਾਈਲ ਨੰਬਰ ਤੱਕ ਪਹੁੰਚ ਰੱਖਦਾ ਹੋਵੇ, ਉਸਨੂੰ ਯੂਜ਼ਰ ਵੱਲੋਂ ਢੰਗ ਨਾਲ ਅਧਿਕਾਰਤ ਮੰਨਿਆ ਜਾਵੇਗਾ ਅਤੇ ਉਹ ਯੂਜ਼ਰ ਵਲੋਂ ਅਤੇ ਯੂਜ਼ਰ ਲਈ ਕਾਰਵਾਈ ਕਰ ਰਿਹਾ ਮੰਨਿਆ ਜਾਵੇਗਾ, ਜਿਸ ਕੋਲ ਇਹ ਅਧਿਕਾਰ ਅਤੇ ਮਨਸ਼ਾ ਹੋਵੇਗੀ ਕਿ ਉਹ ਯੂਜ਼ਰ ਨੂੰ ਬੈਂਕ ਦੇ ਸੰਦਰਭ ਵਿੱਚ, ਇਨ੍ਹਾਂ ਨਿਯਮ ਅਤੇ ਸ਼ਰਤਾਂ ਦੀ ਸਵੀਕਾਰਤਾ ਸਮੇਤ, ਉਸ ਨਾਲ ਸੰਬੰਧਿਤ ਕਿਸੇ ਵੀ ਕਾਰਵਾਈ ਰਾਹੀਂ ਅਟੱਲ ਤੌਰ 'ਤੇ ਬੱਝ ਸਕੇ.

ਹਾਲਾਂਕਿ, ਬੈਂਕ 'ਤੇ ਇਹ ਲਾਜ਼ਮੀ ਨਹੀਂ ਹੋਵੇਗਾ ਕਿ ਉਹ ਗਾਹਕ ਜਾਂ ਯੂਜ਼ਰ ਦੀ ਪਛਾਣ ਦੀ ਪ੍ਰਮਾਣਿਕਤਾ ਕਰੇ, ਜੇਕਰ ਸੇਵਾਵਾਂ ਲਈ ਕੋਈ ਵੀ ਬੇਨਤੀ WhatsApp ਰਾਹੀਂ ਬੈਂਕ ਦੇ ਬੈਂਕ ਰਜਿਸਟਰਡ ਨੰਬਰ 'ਤੇ ਪ੍ਰਾਪਤ ਹੁੰਦੀ ਹੈ, ਗਾਹਕ ਦੇ ਮਾਮਲੇ ਵਿੱਚ, ਜੇਕਰ ਬੇਨਤੀ ਕਰਨ ਵਾਲੇ ਡਿਵਾਈਸ ਵਿੱਚ ਦਰਸਾਇਆ ਗਿਆ ਨੰਬਰ ਗਾਹਕ ਦਾ ਰਜਿਸਟਰਡ ਨੰਬਰ ਹੈ, ਤਾਂ ਬੈਂਕ ਇਹ ਮੰਨਣ ਦਾ ਅਧਿਕਾਰ ਰੱਖੇਗਾ ਕਿ WhatsApp ਰਾਹੀਂ ਸੰਚਾਰ ਕਰਨ ਵਾਲਾ ਵਿਅਕਤੀ ਗਾਹਕ ਖੁਦ ਹੈ, ਹੋਰ ਕਿਸੇ ਵੀ ਯੂਜ਼ਰ ਦੇ ਮਾਮਲੇ ਵਿੱਚ, ਬੈਂਕ ਇਹ ਮੰਨਣ ਦਾ ਅਧਿਕਾਰ ਰੱਖੇਗਾ ਕਿ WhatsApp ਪ੍ਰੋਫ਼ਾਈਲ ਵਿੱਚ ਦਰਸਾਇਆ ਗਿਆ ਨੰਬਰ ਯੂਜ਼ਰ ਦਾ ਹੀ ਨੰਬਰ ਹੈ ਅਤੇ ਬੈਂਕ ਦੇ ਬੈਂਕ ਰਜਿਸਟਰਡ ਨੰਬਰ ਨਾਲ ਸੰਚਾਰ ਕਰਨ ਵਾਲਾ ਵਿਅਕਤੀ ਉਹੀ ਯੂਜ਼ਰ ਹੈ, ਨਾ ਕਿ ਕੋਈ ਹੋਰ ਵਿਅਕਤੀ.

b. ਐਫਡੀ/ਆਰਡੀ ਖੋਲ੍ਹਣ ਅਤੇ ਚੈੱਕ ਭੁਗਤਾਨ ਟ੍ਰਾਂਜ਼ੈਕਸ਼ਨ ਨੂੰ ਰੋਕਣ ਲਈ, ਗਾਹਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਵਾਰ ਪ੍ਰਮਾਣਿਤ ਹੋਣ ਤੋਂ ਬਾਅਦ ਟ੍ਰਾਂਜ਼ੈਕਸ਼ਨ ਬੰਦ ਨਹੀਂ ਕੀਤੀ ਜਾ ਸਕਦੀ ਅਤੇ ਇਸ ਲਈ ਉਨ੍ਹਾਂ ਨੂੰ ਦੋ ਵਾਰ ਖਾਤਾ ਨੰਬਰ ਚੈੱਕ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ.
ਚੈੱਕ ਭੁਗਤਾਨ ਟ੍ਰਾਂਜੈਕਸ਼ਨ ਨੂੰ ਰੋਕਣ ਲਈ, ਗਾਹਕ ਨੂੰ ਚੈੱਕ ਨੰਬਰ ਦੇ ਅੰਤਿਮ 4 ਅੰਕ ਦਰਜ ਕਰਨ ਲਈ ਕਿਹਾ ਜਾਂਦਾ ਹੈ, ਫਿਰ ਸਫਲ ਓਟੀਪੀ ਪ੍ਰਮਾਣਿਕਤਾ ਤੋਂ ਬਾਅਦ, ਚੈੱਕ ਰੀਅਲ ਟਾਈਮ ਦੇ ਆਧਾਰ ਤੇ ਰੋਕ ਦਿੱਤਾ ਜਾਂਦਾ ਹੈ.

**8. ਜੋਖ਼ਮ**

ਯੂਜ਼ਰ ਇੱਥੇ ਇਹ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਉਹ ਸੇਵਾ/ਸੇਵਾਵਾਂ ਆਪਣੇ ਹੀ ਜੋਖ਼ਮ 'ਤੇ ਲੈ ਰਿਹਾ ਹੈ ਅਤੇ ਯੂਜ਼ਰ ਕਿਸੇ ਵੀ ਕਿਸਮ ਦੇ ਜੋਖ਼ਮ ਲਈ ਬੈਂਕ ਨੂੰ ਜ਼ਿੰਮੇਵਾਰ ਜਾਂ ਜਵਾਬਦੇਹ ਨਹੀਂ ਠਹਿਰਾਵੇਗਾ. ਉਪਰ ਦਰਸਾਏ ਗਏ ਜੋਖ਼ਮਾਂ ਤੋਂ ਇਲਾਵਾ, ਇਨ੍ਹਾਂ ਜੋਖ਼ਮਾਂ ਵਿੱਚ ਹੇਠ ਲਿਖੇ ਜੋਖ਼ਮ ਵੀ ਸ਼ਾਮਲ ਹਨ (ਪਰ ਇਨ੍ਹਾਂ ਤੱਕ ਸੀਮਿਤ ਨਹੀਂ):

**a) ਪਾਸਵਰਡ ਦੀ ਗਲਤ ਵਰਤੋਂ:**

ਯੂਜ਼ਰ ਇਹ ਮੰਨਦਾ ਹੈ ਕਿ ਜੇਕਰ ਕੋਈ ਥਰਡ ਪਾਰਟੀ ਯੂਜ਼ਰ ਦੇ ਡਿਵਾਈਸ ਜਾਂ ਸਿਮ ਕਾਰਡ ਜਾਂ ਯੂਜ਼ਰ ਦੇ WhatsApp ਤੱਕ

ਪਹੁੰਚ ਹਾਸਲ ਕਰ ਲੈਂਦੀ ਹੈ, ਤਾਂ ਅਜਿਹੀ ਥਰਡ ਪਾਰਟੀ ਯੂਜ਼ਰ ਦੀ ਜਾਣਕਾਰੀ, ਜਿਸ ਵਿੱਚ ਯੂਜ਼ਰ ਦੇ ਖਾਤੇ ਨਾਲ ਸੰਬੰਧਿਤ ਜਾਣਕਾਰੀ ਵੀ ਸ਼ਾਮਲ ਹੈ, ਤੱਕ ਪਹੁੰਚ ਕਰ ਸਕਦੀ ਹੈ, ਜੋ ਗੋਪਨੀਯਤਾ ਸੁਭਾਵ ਦੀ ਹੋ ਸਕਦੀ ਹੈ, ਜਿਵੇਂ ਕਿ ਖਾਤੇ ਦੀ ਬਕਾਇਆ ਰਕਮ, ਮਿਨੀ ਬੈਂਕ ਸਟੇਟਮੈਂਟ ਆਦਿ. ਯੂਜ਼ਰ ਹਰ ਸਮੇਂ ਇਹ ਯਕੀਨੀ ਬਣਾਏਗਾ ਕਿ WhatsApp ਅਤੇ ਯੂਜ਼ਰ ਦੇ ਡਿਵਾਈਸ ਦੀ ਸੁਰੱਖਿਆ ਅਤੇ ਪਾਸਵਰਡ ਦੀ ਵਰਤੋਂ ਨਾਲ ਸੰਬੰਧਿਤ ਲਾਗੂ ਨਿਯਮ ਅਤੇ ਸ਼ਰਤਾਂ ਦੀ ਕੜੀ ਪਾਲਣਾ ਕੀਤੀ ਜਾਵੇ.

**b) ਇੰਟਰਨੈੱਟ ਧੋਖਾਧੜੀ:**

ਇੰਟਰਨੈੱਟ ਆਪਣੀ ਪ੍ਰਕਿਰਤੀ ਅਨੁਸਾਰ ਕਈ ਤਰ੍ਹਾਂ ਦੀਆਂ ਧੋਖਾਧੜੀਆਂ, ਗਲਤ ਵਰਤੋਂ, ਹੈਕਿੰਗ, ਫ਼ਿਸ਼ਿੰਗ ਅਤੇ ਹੋਰ ਅਜਿਹੀਆਂ ਕਾਰਵਾਈਆਂ ਲਈ ਸੰਵੇਦਨਸ਼ੀਲ ਹੈ, ਜੋ ਸੇਵਾਵਾਂ ਲੈਂਦੇ ਸਮੇਂ ਯੂਜ਼ਰ ਲਈ ਉਪਲਬਧ ਜਾਣਕਾਰੀ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾ ਸਕਦੀਆਂ ਹਨ. ਹਾਲਾਂਕਿ ਬੈਂਕ ਅਜਿਹੇ ਜੋਖ਼ਮਾਂ ਤੋਂ ਬਚਾਅ ਲਈ ਸੁਰੱਖਿਆ ਉਪਾਅ ਕਰਨ ਦੀ ਕੋਸ਼ਿਸ਼ ਕਰੇਗਾ, ਪਰ ਬੈਂਕ ਅਜਿਹੀਆਂ ਇੰਟਰਨੈੱਟ ਧੋਖਾਧੜੀਆਂ, ਹੈਕਿੰਗ, ਫ਼ਿਸ਼ਿੰਗ ਜਾਂ ਹੋਰ ਕਾਰਵਾਈਆਂ ਤੋਂ ਪੂਰੀ ਸੁਰੱਖਿਆ ਦੀ ਕੋਈ ਗਾਰੰਟੀ ਨਹੀਂ ਦੇ ਸਕਦਾ, ਜੋ ਸੇਵਾਵਾਂ ਲੈਣ ਲਈ ਬੈਂਕ ਨੂੰ ਦਿੱਤੀਆਂ ਗਈਆਂ ਹਦਾਇਤਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ. ਯੂਜ਼ਰ ਨੇ ਇਸ ਨਾਲ ਸੰਬੰਧਿਤ ਪੈਦਾ ਹੋਣ ਵਾਲੇ ਸਾਰੇ ਜੋਖ਼ਮਾਂ ਦੀ ਪੂਰੀ ਤਰ੍ਹਾਂ ਸਮੀਖਿਆ ਅਤੇ ਮੁਲਾਂਕਣ ਕਰ ਲਿਆ ਹੈ.

**c) ਗਲਤੀਆਂ ਅਤੇ ਖਰਾਬੀਆਂ:**

ਕਿਸੇ ਵੀ ਸੇਵਾ/ਸੇਵਾਵਾਂ ਦਾ ਲਾਭ ਲੈਣ ਲਈ, ਬੈਂਕ ਨੂੰ ਯੂਜ਼ਰ ਵੱਲੋਂ ਸਹੀ, ਪੂਰੀ ਅਤੇ ਯਥਾਰਥ ਜਾਣਕਾਰੀ ਦਿੱਤੀ ਜਾਣੀ ਲੋੜੀਂਦੀ ਹੈ. ਉਦਾਹਰਨ ਵਜੋਂ, ਯੂਜ਼ਰ ਨੂੰ ਉਸ ਖਾਤੇ ਨਾਲ ਸੰਬੰਧਿਤ ਲੋੜੀਂਦੇ ਵੇਰਵੇ ਭਰਨੇ ਪੈਂਦੇ ਹਨ, ਜਿਸ ਲਈ ਉਹ ਖਾਤੇ ਦੀ ਬਕਾਇਆ ਰਕਮ ਪ੍ਰਾਪਤ ਕਰਨਾ ਚਾਹੁੰਦਾ ਹੈ. ਜੇਕਰ ਇਸ ਸਬੰਧ ਵਿੱਚ ਕੋਈ ਗਲਤੀ ਹੋ ਜਾਂਦੀ ਹੈ, ਤਾਂ ਯੂਜ਼ਰ ਇਹ ਮੰਨਦਾ ਹੈ ਕਿ ਉਸਨੂੰ ਅਜਿਹੇ ਜਵਾਬ ਜਾਂ ਜਾਣਕਾਰੀ ਮਿਲ ਸਕਦੀ ਹੈ ਜੋ ਉਸ 'ਤੇ ਲਾਗੂ ਨਾ ਹੁੰਦੀ ਹੋਵੇ ਜਾਂ ਸੰਤੋਸ਼ਜਨਕ ਜਵਾਬ ਨਾ ਮਿਲੇ, ਅਜਿਹੀ ਸਥਿਤੀ ਵਿੱਚ, ਯੂਜ਼ਰ ਬੈਂਕ ਨੂੰ ਕਿਸੇ ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਠਹਿਰਾਵੇਗਾ. ਗਾਹਕ/ਯੂਜ਼ਰ ਇਸ ਲਈ ਹਰ ਸੰਭਵ ਸਾਵਧਾਨੀ ਵਰਤੇਗਾ ਤਾਂ ਜੋ ਕੋਈ ਵੀ ਗਲਤੀ ਜਾਂ ਖਰਾਬੀ ਨਾ ਰਹੇ ਅਤੇ ਇਸ ਸੰਦਰਭ ਵਿੱਚ ਯੂਜ਼ਰ ਵੱਲੋਂ ਬੈਂਕ ਨੂੰ ਭੇਜਿਆ ਗਿਆ ਕੋਈ ਵੀ ਮੈਸੇਜ/ਕੀਤੀ ਗਈ ਬੇਨਤੀ/ਪੁੱਛਿਆ ਗਿਆ ਸਵਾਲ ਹਰ ਸਮੇਂ ਬਿਨਾਂ ਗਲਤੀ ਦੇ, ਸਹੀ, ਯੋਗ ਅਤੇ ਪੂਰਾ ਹੋਵੇ. ਯੂਜ਼ਰ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਬੈਂਕ ਵੱਲੋਂ ਸੇਵਾਵਾਂ ਸਿਰਫ ਯੂਜ਼ਰ ਦੇ ਆਪਣੇ ਜੋਖਮ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ. ਯੂਜ਼ਰ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਬੈਂਕ ਵੱਲੋਂ ਕਿਸੇ ਵੀ ਗਲਤ ਜਾਂ ਅਧੂਰੀ ਜਾਣਕਾਰੀ ਕਾਰਨ, ਜਾਂ ਬੈਂਕ ਦੇ ਨਿਯੰਤਰਣ ਤੋਂ ਬਾਹਰ ਦੇ ਕਾਰਨਾਂ ਕਰਕੇ ਹਦਾਇਤਾਂ ਨੂੰ ਲਾਗੂ ਕਰਨ ਵਿੱਚ ਹੋਈ ਕਿਸੇ ਵੀ ਦੇਰੀ ਕਾਰਨ ਪੈਦਾ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਨੁਕਸਾਨ, ਹਾਨੀ ਜਾਂ ਨਤੀਜਿਆਂ ਲਈ ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ. ਯੂਜ਼ਰ ਬੈਂਕ ਪ੍ਰਤੀ ਜ਼ਿੰਮੇਵਾਰ ਅਤੇ ਜਵਾਬਦੇਹ ਹੋਵੇਗਾ ਅਤੇ ਸੇਵਾਵਾਂ ਲੈਂਦੇ ਸਮੇਂ ਉਸ ਵੱਲੋਂ ਪ੍ਰਾਪਤ ਕੀਤੇ ਗਏ ਕਿਸੇ ਵੀ ਅਨੁਚਿਤ ਜਾਂ ਬੇਇਨਸਾਫ਼ ਲਾਭ ਦੇ ਸਬੰਧ ਵਿੱਚ, ਬੈਂਕ ਦੇ ਨਿਰਦੇਸ਼ਾਂ ਨੂੰ ਬਿਨਾਂ ਕਿਸੇ ਸਵਾਲ ਜਾਂ ਇਤਰਾਜ਼ ਦੇ ਸਵੀਕਾਰ ਕਰਨ ਲਈ ਸਹਿਮਤ ਹੋਵੇਗਾ.

**d) ਤਕਨੀਕ ਦੇ ਜੋਖ਼ਮ:**

ਬੈਂਕ ਵੱਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਯੋਗ ਬਣਾਉਣ ਲਈ ਵਰਤੀ ਜਾਣ ਵਾਲੀ ਤਕਨਾਲੋਜੀ ਰੈਨਸਮਵੇਅਰ, ਵਾਇਰਸ ਜਾਂ ਹੋਰ ਕਿਸੇ ਦੁਰਭਾਵਨਾਪੂਰਕ, ਨੁਕਸਾਨਦਾਇਕ ਜਾਂ ਖਰਾਬੀ ਪੈਦਾ ਕਰਨ ਵਾਲੇ ਕੋਡ, ਪ੍ਰੋਗਰਾਮ ਜਾਂ ਮੈਕਰੋ ਜਾਂ ਕਿਸੇ ਹੋਰ ਸੁਰੱਖਿਆ ਖ਼ਤਰੇ ਨਾਲ ਪ੍ਰਭਾਵਿਤ ਹੋ ਸਕਦੀ ਹੈ. ਇਸ ਤੋਂ ਇਲਾਵਾ, ਇਹ ਵੀ ਸੰਭਵ ਹੈ ਕਿ ਬੈਂਕ ਦੀ ਸਾਈਟ ਨੂੰ ਮੈਂਟੇਨੈਂਸ ਦੀ ਲੋੜ ਹੋਵੇ ਅਤੇ ਉਸ ਦੌਰਾਨ ਯੂਜ਼ਰਾਂ ਦੀਆਂ ਬੇਨਤੀਆਂ ਨੂੰ ਪ੍ਰਕਿਰਿਆ ਵਿੱਚ ਲਿਆਂਦਾ ਨਾ ਜਾ ਸਕੇ. ਇਸ ਕਾਰਨ ਨਿਰਦੇਸ਼ਾਂ ਦੀ ਪ੍ਰਕਿਰਿਆ ਵਿੱਚ ਦੇਰੀ ਹੋ ਸਕਦੀ ਹੈ ਜਾਂ ਨਿਰਦੇਸ਼ਾਂ ਦੀ ਪ੍ਰਕਿਰਿਆ ਅਸਫਲ ਹੋ ਸਕਦੀ ਹੈ ਜਾਂ ਹੋਰ ਇਸ ਤਰ੍ਹਾਂ ਦੀਆਂ ਨਾਕਾਮੀਆਂ ਅਤੇ ਅਸਮਰੱਥਾਵਾਂ ਪੈਦਾ ਹੋ ਸਕਦੀਆਂ ਹਨ. ਯੂਜ਼ਰ ਇਹ ਸਮਝਦਾ ਹੈ ਕਿ ਬੈਂਕ ਕਿਸੇ ਵੀ ਕਿਸਮ ਦੀ, ਚਾਹੇ ਸਿੱਧੀ ਹੋਵੇ ਜਾਂ ਅਸਿੱਧੀ, ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਇਨਕਾਰ ਕਰਦਾ ਹੈ, ਭਾਵੇਂ ਉਹ ਨਫ਼ੇ ਦੇ ਨੁਕਸਾਨ ਤੋਂ ਪੈਦਾ ਹੋਵੇ ਜਾਂ ਕਿਸੇ ਵੀ ਕਾਰਨ ਕਰਕੇ ਬੈਂਕ ਵੱਲੋਂ ਯੂਜ਼ਰ ਦੀ ਕਿਸੇ ਵੀ ਹਦਾਇਤ ਨੂੰ ਪੂਰਾ ਨਾ ਕਰ ਸਕਣ ਜਾਂ ਅਸਮਰੱਥ ਹੋਣ ਕਾਰਨ ਪੈਦਾ ਹੋਵੇ.
ਯੂਜ਼ਰ ਸਪਸ਼ਟ ਅਤੇ ਬਿਨਾਂ ਕਿਸੇ ਸ਼ਰਤ ਦੇ ਇਹ ਸਮਝਦਾ ਹੈ ਅਤੇ ਸਵੀਕਾਰ ਕਰਦਾ ਹੈ ਕਿ ਉਪਰੋਕਤ ਦਰਸਾਏ ਗਏ ਕਿਸੇ ਵੀ ਖ਼ਤਰੇ ਲਈ ਬੈਂਕ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗਾ. ਯੂਜ਼ਰ ਇਹ ਵੀ ਸਵੀਕਾਰ ਕਰਦਾ ਹੈ ਕਿ ਬੈਂਕ ਅਜਿਹੇ ਸਾਰੇ ਖ਼ਤਰਿਆਂ ਸਬੰਧੀ ਆਪਣੀ ਸਾਰੀ ਜ਼ਿੰਮੇਵਾਰੀ ਤੋਂ ਇਨਕਾਰ ਕਰਦਾ ਹੈ.

## 9. ਜਾਣਕਾਰੀ ਦੀ ਸਟੀਕਤਾ

ਯੂਜ਼ਰ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਸੇਵਾਵਾਂ ਲੈਂਦੇ ਸਮੇਂ ਬੈਂਕ ਨੂੰ ਦਿੱਤੀ ਗਈ ਜਾਣਕਾਰੀ ਦੀ ਸ਼ੁੱਧਤਾ ਅਤੇ ਸਟੀਕਤਾ ਦੀ ਜ਼ਿੰਮੇਵਾਰੀ ਯੂਜ਼ਰ ਦੀ ਆਪਣੀ ਹੋਵੇਗੀ. ਯੂਜ਼ਰ ਵੱਲੋਂ ਦਿੱਤੀ ਗਈ ਗਲਤ, ਅਧੂਰੀ, ਅਸਟੀਕ ਜਾਂ ਝੂਠੀ ਜਾਣਕਾਰੀ ਕਾਰਨ ਪੈਦਾ ਹੋਣ ਵਾਲੇ ਕਿਸੇ ਵੀ ਨਤੀਜੇ ਲਈ ਬੈਂਕ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਜਾਂ ਜਵਾਬਦੇਹੀ ਸਵੀਕਾਰ ਨਹੀਂ ਕਰੇਗਾ. ਯੂਜ਼ਰ ਇਸ ਗੱਲ ਨਾਲ ਵੀ ਸਹਿਮਤ ਹੁੰਦਾ ਹੈ ਕਿ ਜੇਕਰ ਸੇਵਾਵਾਂ ਦੀ ਵਰਤੋਂ ਦੌਰਾਨ ਯੂਜ਼ਰ ਨੂੰ ਦਿੱਤੀ ਗਈ ਕਿਸੇ ਵੀ ਜਾਣਕਾਰੀ ਵਿੱਚ ਕੋਈ ਗਲਤੀ ਜਾਂ ਅਸਟੀਕਤਾ ਨਜ਼ਰ ਆਵੇ, ਤਾਂ ਯੂਜ਼ਰ ਇਸ ਬਾਰੇ ਜਿੰਨੀ ਜਲਦੀ ਸੰਭਵ ਹੋਵੇ ਬੈਂਕ ਨੂੰ ਸੂਚਿਤ ਕਰੇਗਾ. ਬੈਂਕ ਅਜਿਹੀ ਗਲਤੀ ਨੂੰ ਤੁਰੰਤ ਠੀਕ ਕਰਨ ਲਈ ਯਤਨ ਕਰੇਗਾ. ਯੂਜ਼ਰ ਇਹ ਵੀ ਮੰਨਦਾ ਹੈ ਕਿ WhatsApp ’ਤੇ, ਇਸ ਸਬੰਧੀ ਬੇਨਤੀ ਕਰਨ ’ਤੇ, ਜੋ ਵੀ ਸਟੇਟਮੈਂਟ ਜਾਂ ਆਉਟਪੁੱਟ ਦਿਖਾਈ ਦਿੰਦੀ ਹੈ, ਉਹ ਬੈਂਕ ਵੱਲੋਂ ਸੰਭਾਲੇ ਗਏ ਕੰਪਿਊਟਰਾਈਜ਼ਡ ਬੈਕਅੱਪ ਸਿਸਟਮ ਤੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਹੁੰਦੀ ਹੈ ਅਤੇ ਇਹ ਸੰਭਵ ਹੈ ਕਿ ਉਹ ਰੀਅਲ-ਟਾਈਮ ਵਿੱਚ ਲਗਾਤਾਰ ਅੱਪਡੇਟ ਨਾ ਹੋਵੇ. ਬੈਂਕ ਆਪਣੇ ਸਿਸਟਮ ਵਿੱਚ ਆਖ਼ਰੀ ਵਾਰ ਅੱਪਡੇਟ ਕੀਤੀ ਗਈ ਜਾਣਕਾਰੀ ਹੀ ਪ੍ਰਦਾਨ ਕਰੇਗਾ. ਹਾਲਾਂਕਿ ਬੈਂਕ ਸਟੇਟਮੈਂਟ ਦੀ ਸਟੀਕਤਾ ਯਕੀਨੀ ਬਣਾਉਣ ਲਈ ਸਭ ਵਾਜਬ ਕਦਮ ਚੁੱਕੇਗਾ, ਪਰ ਕਿਸੇ ਵੀ ਗਲਤੀ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਅਜਿਹੀ ਜਾਣਕਾਰੀ ’ਤੇ ਭਰੋਸਾ ਕਰਕੇ ਯੂਜ਼ਰ ਵੱਲੋਂ ਕੀਤੇ ਗਏ ਕਿਸੇ ਵੀ ਨੁਕਸਾਨ ਜਾਂ ਕਾਰਵਾਈ ਲਈ ਬੈਂਕ ਨੂੰ ਜਵਾਬਦੇਹ ਨਹੀਂ ਠਹਿਰਾਇਆ ਜਾਵੇਗਾ. ਯੂਜ਼ਰ ਇਸ ਗੱਲ ਨਾਲ ਵੀ ਸਹਿਮਤ ਹੁੰਦਾ ਹੈ ਕਿ ਜੇਕਰ ਉਪਰੋਕਤ ਆਉਟਪੁੱਟ ਵਿੱਚ ਦਰਜ ਜਾਣਕਾਰੀ ਗਲਤ ਜਾਂ ਅਸਟੀਕ ਨਿਕਲਦੀ ਹੈ, ਤਾਂ ਉਸ ਕਾਰਨ ਹੋਣ ਵਾਲੇ ਕਿਸੇ ਵੀ ਨੁਕਸਾਨ, ਹਾਨੀ, ਦੇਣਦਾਰੀਆਂ, ਸੈਟਲਮੈਂਟ, ਲਾਗਤਾਂ, ਖਰਚਿਆਂ, ਜਾਂ ਜੁਰਮਾਨਿਆਂ ਲਈ ਯੂਜ਼ਰ ਬੈਂਕ ਨੂੰ ਨੁਕਸਾਨ-ਰਹਿਤ ਰੱਖੇਗਾ ਅਤੇ ਬੈਂਕ ਦੀ ਭਰਪਾਈ ਕਰੇਗਾ . ਜੇਕਰ ਉਪਰੋਕਤ ਨਤੀਜਿਆਂ ਵਿੱਚ ਸ਼ਾਮਲ ਜਾਣਕਾਰੀ ਗਲਤ ਜਾਂ ਅਸਟੀਕ ਸਾਬਤ ਹੁੰਦੀ ਹੈ, ਤਾਂ ਉਸ ਕਾਰਨ ਉਸ ਨੂੰ ਹੋਣ ਵਾਲੇ ਜਾਂ ਉਸ ਵੱਲੋਂ ਸਹੇ ਜਾਣ ਵਾਲੇ ਕਿਸੇ ਵੀ ਨੁਕਸਾਨ, ਹਾਨੀ ਜਾਂ ਖਰਚ ਲਈ.

## 10. ਦੇਣਦਾਰੀ

ਯੂਜ਼ਰ ਇਸ ਗੱਲ ਨਾਲ ਸਹਿਮਤ ਹੈ ਕਿ ਉਹ ਆਪਣੇ WhatsApp ਦੀ ਗੈਰ-ਅਧਿਕਾਰਤ ਵਰਤੋਂ ਤੋਂ ਹੋਣ ਵਾਲੇ ਸਾਰੇ ਨੁਕਸਾਨਾਂ ਲਈ ਅਤੇ/ਜਾਂ ਸੇਵਾਵਾਂ ਲੈਂਦੇ ਸਮੇਂ ਕੀਤੀਆਂ ਗਈਆਂ ਕਿਸੇ ਵੀ ਬੇਨਤੀਆਂ ਲਈ ਅਤੇ/ਜਾਂ ਇਨ੍ਹਾਂ ਨਿਯਮ ਅਤੇ ਸ਼ਰਤਾਂ ਦੀ ਕਿਸੇ ਵੀ ਉਲੰਘਣਾ ਲਈ ਜ਼ਿੰਮੇਵਾਰ ਹੋਵੇਗਾ, ਜਾਂ ਜੇ ਯੂਜ਼ਰ ਨੇ ਲਾਪਰਵਾਹੀ ਭਰੀ ਕਾਰਵਾਈਆਂ ਰਾਹੀਂ ਕਿਸੇ ਵੀ ਤਰੀਕੇ ਨਾਲ ਨੁਕਸਾਨ ਵਿੱਚ ਯੋਗਦਾਨ ਪਾਇਆ ਹੋਵੇ, ਜਿਸ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

a) ਯੂਜ਼ਰ ਦੇ ਡਿਵਾਈਸ ਦੇ ਪਾਸਵਰਡ ਦੀ ਲਿਖਤੀ ਜਾਂ ਇਲੈਕਟ੍ਰਾਨਿਕ ਰਿਕਾਰਡਿੰਗ ਕਰਨਾ;

b) ਯੂਜ਼ਰ ਦੇ WhatsApp ਅਤੇ/ਜਾਂ ਕਯੂਆਰ ਕੋਡ ਦੀ ਜਾਣਕਾਰੀ ਸਾਂਝੀ ਕਰਨਾ ਜਾਂ ਉਸ ਦੀ ਗੋਪਨੀਯਤਾ ਬਣਾਈ ਰੱਖਣ ਲਈ ਵਾਜਬ ਕਦਮ ਨਾ ਚੁੱਕਣਾ ਅਤੇ/ਜਾਂ ਅਜਿਹੀ ਜਾਣਕਾਰੀ ਦੇ ਖੁਲਾਸੇ ਬਾਰੇ ਸਮੇਂ ਸਿਰ ਬੈਂਕ ਨੂੰ ਸੂਚਿਤ ਨਾ ਕਰਨਾ.

c) ਉਸ ਸਿਮ ਕਾਰਡ ਦਾ ਗੁੰਮ ਹੋ ਜਾਣਾ ਜਿਸ ’ਤੇ ਯੂਜ਼ਰ ਦਾ WhatsApp ਰਜਿਸਟਰ ਹੈ;

d) ਉਸ ਸਿਮ ਕਾਰਡ ਨੂੰ, ਜਿਸ ’ਤੇ ਯੂਜ਼ਰ ਦਾ WhatsApp ਰਜਿਸਟਰ ਹੈ, ਪਿਛਲੇ ਡਿਵਾਈਸ ਤੋਂ WhatsApp ਐਪਲੀਕੇਸ਼ਨ ਡਿਲੀਟ ਕੀਤੇ ਬਿਨਾਂ ਕਿਸੇ ਹੋਰ ਡਿਵਾਈਸ ਵਿੱਚ ਟ੍ਰਾਂਸਫਰ ਕਰਨਾ.

e) ਆਪਣੇ WhatsApp ’ਤੇ ਗੈਰ-ਅਧਿਕਾਰਤ ਪਹੁੰਚ ਜਾਂ ਗਲਤ ਟ੍ਰਾਂਜ਼ੈਕਸ਼ਨਾਂ/ਸੇਵਾਵਾਂ ਦੀ ਵਰਤੋਂ ਬਾਰੇ ਸਮੇਂ ਸਿਰ ਬੈਂਕ ਨੂੰ ਸੂਚਿਤ ਨਾ ਕਰਨਾ. ਇਸ ਸੇਵਾ ਦੀ ਵਰਤੋਂ ਨਾਲ ਸੰਬੰਧਿਤ ਜਾਂ ਉਪਰੋਕਤ ਕਾਰਨਾਂ ਕਰਕੇ ਪੈਦਾ ਹੋਣ ਵਾਲੇ ਕਿਸੇ ਵੀ ਨਤੀਜੇ ਲਈ ਬੈਂਕ ਯੂਜ਼ਰ ਜਾਂ ਕਿਸੇ ਵੀ ਥਰਡ ਪਾਰਟੀ ਪ੍ਰਤੀ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਜਾਂ ਜਵਾਬਦੇਹ ਨਹੀਂ ਹੋਵੇਗਾ ਅਤੇ ਉਪਰੋਕਤ ਸਾਰੀਆਂ ਸਥਿਤੀਆਂ ਨਾਲ ਜੁੜੀ ਪੂਰੀ ਦੇਣਦਾਰੀ ਅਤੇ ਜ਼ਿੰਮੇਵਾਰੀ ਸਿਰਫ਼ ਯੂਜ਼ਰ ਦੀ ਹੋਵੇਗੀ. ਯੂਜ਼ਰ ਇਸ ਗੱਲ ਨਾਲ ਸਹਿਮਤ ਹੈ ਕਿ ਕਿਸੇ ਵੀ ਹਾਲਤ ਵਿੱਚ, ਜੇ ਸੇਵਾਵਾਂ ਪ੍ਰਦਾਨ ਨਹੀਂ ਕੀਤੀਆਂ ਜਾਂ ਯੂਜ਼ਰ ਇੱਥੇ ਨਿਰਧਾਰਤ ਤਰੀਕੇ ਅਨੁਸਾਰ ਸੇਵਾਵਾਂ ਲਈ ਰਜਿਸਟਰ ਕਰਨ ਵਿੱਚ ਅਸਮਰਥ ਰਹਿੰਦਾ ਹੈ, ਜਿਸ ਵਿੱਚ ਕੁਦਰਤੀ ਆਫ਼ਤਾਂ, ਹੜ੍ਹਾਂ, ਅੱਗ, ਹੋਰ ਕੁਦਰਤੀ ਆਫ਼ਤਾਂ, ਕਾਨੂੰਨੀ ਪਾਬੰਦੀਆਂ, ਟੈਲੀਕਮਿਊਨੀਕੇਸ਼ਨ ਨੈੱਟਵਰਕ ਜਾਂ ਇੰਟਰਨੈੱਟ ਵਿੱਚ ਖਾਮੀਆਂ, ਨੈੱਟਵਰਕ ਫੇਲਿਅਰ, ਸਾਫਟਵੇਅਰ ਜਾਂ ਹਾਰਡਵੇਅਰ ਗਲਤੀਆਂ ਜਾਂ ਬੈਂਕ ਦੇ ਨਿਯੰਤਰਣ ਤੋਂ ਬਾਹਰ ਹੋਰ ਕੋਈ ਵੀ ਕਾਰਨ ਸ਼ਾਮਲ ਹਨ, ਤਾਂ ਬੈਂਕ ਨੂੰ ਯੂਜ਼ਰ ਪ੍ਰਤੀ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ. ਬੈਂਕ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਕਿਸਮ ਦੇ ਨੁਕਸਾਨ ਲਈ ਚਾਹੇ ਉਹ ਸਿੱਧੇ, ਅਸਿੱਧੇ, ਆਕਸਮਿਕ ਜਾਂ ਨਤੀਜਤਨ ਨੁਕਸਾਨ ਹੋਣ 'ਤੇ ਜ਼ਿੰਮੇਵਾਰ ਨਹੀਂ ਹੋਵੇਗਾ, ਭਾਵੇਂ ਅਜਿਹੇ ਦਾਅਵੇ ਆਮਦਨ, ਨਿਵੇਸ਼, ਉਤਪਾਦਨ, ਗੁੱਡਵਿਲ, ਲਾਭ, ਕਾਰੋਬਾਰ ਵਿੱਚ ਰੁਕਾਵਟ ਜਾਂ ਕਿਸੇ ਹੋਰ ਕਿਸਮ ਦੇ ਨੁਕਸਾਨ ’ਤੇ ਆਧਾਰਿਤ ਹੋਣ, ਅਤੇ ਭਾਵੇਂ ਉਹ ਯੂਜ਼ਰ ਜਾਂ ਕਿਸੇ ਹੋਰ ਵਿਅਕਤੀ ਵੱਲੋਂ ਸਹੇ ਗਏ ਹੋਣ. ਇਸ ਤੋਂ ਇਲਾਵਾ, ਕਿਸੇ ਵੀ ਤਕਨੀਕੀ ਖਾਮੀ/ਗਲਤੀ ਜਾਂ ਟੈਲੀਕਮਿਊਨੀਕੇਸ਼ਨ ਨੈੱਟਵਰਕ ਵਿੱਚ ਨਾਕਾਮੀ ਜਾਂ ਕਿਸੇ ਵੀ ਸਾਫਟਵੇਅਰ ਜਾਂ ਹਾਰਡਵੇਅਰ ਸਿਸਟਮ ਵਿੱਚ ਗਲਤੀ ਕਾਰਨ ਸੇਵਾਵਾਂ/ਸਹੂਲਤਾਂ ਦੀ ਰੁਕਾਵਟ ਜਾਂ ਅਣਉਪਲਬਧਤਾ ਨਾਲ ਪੈਦਾ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਸਿੱਧੇ ਜਾਂ ਅਸਿੱਧੇ ਨੁਕਸਾਨ ਲਈ ਵੀ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ. ਬੈਂਕ WhatsApp ਜਾਂ ਕਿਸੇ ਹੋਰ ਅਜਿਹੀ ਇਕਾਈ ਦੀ ਗੋਪਨੀਯਤਾ ਜਾਂ ਸੁਰੱਖਿਆ ਨੀਤੀਆਂ ਲਈ ਜ਼ਿੰਮੇਵਾਰ ਨਹੀਂ ਹੈ, ਜੋ ਇਸ ਨਾਲ ਜੁੜੀ ਹੋਵੇ, ਇਸ ਤੋਂ ਜੁੜਦੀ ਹੋਵੇ ਜਾਂ ਇਸਦੇ ਅੰਦਰ ਮੌਜੂਦ ਹੋਵੇ, ਅਤੇ

ਉਕਤ ਐਪਲੀਕੇਸ਼ਨ ਦੀ ਵਰਤੋਂ ਕਾਰਨ ਯੂਜ਼ਰ ਨੂੰ ਹੋਏ ਕਿਸੇ ਵੀ ਨੁਕਸਾਨ ਲਈ ਕੋਈ ਦੇਣਦਾਰੀ ਸਵੀਕਾਰ ਨਹੀਂ ਕਰਦਾ. ਯੂਜ਼ਰ ਪੂਰੀ ਤਰ੍ਹਾਂ ਸਮਝਦਾ ਹੈ ਕਿ ਬੈਂਕ WhatsApp ਦੇ ਕਿਸੇ ਵੀ ਪ੍ਰੋਡਕਟ, ਸੇਵਾ ਜਾਂ ਉਸ 'ਤੇ ਦਿਖਾਈ ਦੇਣ ਵਾਲੇ ਕਿਸੇ ਵੀ ਵਿਗਿਆਪਨ ਆਦਿ ਦੀ ਸਿਫ਼ਾਰਸ਼ ਜਾਂ ਸਮਰਥਨ ਨਹੀਂ ਕਰਦਾ.

**11. ਯੂਜ਼ਰ ਦੀ ਜਾਣਕਾਰੀ -**

ਯੂਜ਼ਰ ਇਹ ਸਮਝਦਾ ਹੈ ਅਤੇ ਸਹਿਮਤ ਹੈ ਕਿ ਭਾਵੇਂ ਬੈਂਕ ਨੇ WhatsApp 'ਤੇ ਯੂਜ਼ਰ ਜਾਣਕਾਰੀ ਜਾਂ ਯੂਜ਼ਰ ਨਾਲ ਸੰਬੰਧਿਤ ਕਿਸੇ ਹੋਰ ਡਾਟਾ ਦੀ ਬਿਨਾਂ ਅਧਿਕਾਰ ਵਰਤੋਂ ਜਾਂ ਅਚਾਨਕ ਖੁਲਾਸੇ ਨੂੰ ਰੋਕਣ ਲਈ ਪ੍ਰਕਿਰਿਆਵਾਂ ਅਤੇ ਤਕਨਾਲੋਜੀ ਲਾਗੂ ਕੀਤੀ ਹੋਈ ਹੈ, ਤਾਂ ਵੀ ਯੂਜ਼ਰ ਇਹ ਸਮਝਦਾ ਅਤੇ ਸਵੀਕਾਰ ਕਰਦਾ ਹੈ ਕਿ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ ਯੂਜ਼ਰ ਜਾਣਕਾਰੀ ਅਤੇ ਸੇਵਾਵਾਂ ਨਾਲ ਸੰਬੰਧਿਤ ਯੂਜ਼ਰ ਦਾ ਹੋਰ ਕੋਈ ਵੀ ਡਾਟਾ WhatsApp ਦੀ ਐਪਲੀਕੇਸ਼ਨ/ਵੈੱਬਸਾਈਟ/ਵੈੱਬਪੇਜ ਅਤੇ ਸਰਵਰ 'ਤੇ ਵੀ ਸਟੋਰ ਹੋ ਸਕਦਾ ਹੈ, ਜੋ ਬੈਂਕ ਦੇ ਨਿਯੰਤਰਣ ਤੋਂ ਬਾਹਰ ਹਨ, ਅਤੇ ਬੈਂਕ ਅਜਿਹੀ ਯੂਜ਼ਰ ਜਾਣਕਾਰੀ ਜਾਂ ਹੋਰ ਡਾਟਾ ਦੀ ਸੁਰੱਖਿਆ ਦੀ ਕੋਈ ਗਾਰੰਟੀ ਨਹੀਂ ਦੇ ਸਕਦਾ ਜੋ ਉੱਥੇ ਸਟੋਰ ਕੀਤਾ ਗਿਆ ਹੋਵੇ. ਯੂਜ਼ਰ ਬਿਨਾਂ ਕਿਸੇ ਸ਼ਰਤ ਅਤੇ ਅਟੱਲ ਤੌਰ 'ਤੇ ਇਹ ਸਹਿਮਤੀ ਦਿੰਦਾ ਅਤੇ ਸਵੀਕਾਰ ਕਰਦਾ ਹੈ ਕਿ ਬੈਂਕ, ਬੈਂਕ ਦੇ ਨਿਯੰਤਰਣ ਤੋਂ ਬਾਹਰ ਯੂਜ਼ਰ ਜਾਣਕਾਰੀ/ਡਾਟਾ ਵਿੱਚ ਹੋਣ ਵਾਲੀ ਕਿਸੇ ਵੀ ਕਿਸਮ ਦੀ ਸਮਝੌਤਾ ਸਥਿਤੀ ਲਈ ਜ਼ਿੰਮੇਵਾਰ ਨਹੀਂ ਹੈ ਅਤੇ ਇਹ ਮੰਨਦਾ ਹੈ ਕਿ ਯੂਜ਼ਰ ਆਪਣੀ ਪੂਰੀ ਇੱਛਾ ਅਤੇ ਆਪਣੇ ਜੋਖ਼ਮ 'ਤੇ ਯੂਜ਼ਰ ਜਾਣਕਾਰੀ ਪ੍ਰਦਾਨ ਕਰ ਰਿਹਾ ਹੈ.
ਯੂਜ਼ਰ ਇੱਥੇ ਸਪਸ਼ਟ ਤੌਰ 'ਤੇ ਬੈਂਕ ਨੂੰ (ਚਾਹੇ ਬੈਂਕ ਆਪਣੇ ਆਪ ਕਰੇ ਜਾਂ ਆਪਣੇ ਕਿਸੇ ਵੀ ਸੇਵਾ ਪ੍ਰਦਾਤਾ ਰਾਹੀਂ, ਅਤੇ ਚਾਹੇ ਸਵੈਚਾਲਿਤ ਢੰਗ ਨਾਲ ਜਾਂ ਹੋਰ ਕਿਸੇ ਤਰੀਕੇ ਨਾਲ) ਹੇਠ ਲਿਖੀਆਂ ਕਾਰਵਾਈਆਂ ਕਰਨ ਲਈ ਸਹਿਮਤੀ ਅਤੇ ਅਧਿਕਾਰ ਦਿੰਦਾ ਹੈ, ਜੋ ਯੂਜ਼ਰ ਜਾਣਕਾਰੀ ਨਾਲ ਸੰਬੰਧਿਤ ਹਨ (ਭਾਵੇਂ ਮੇਰੇ/ਸਾਡੇ ਬਾਰੇ ਹੋਣ ਜਾਂ ਨਾ ਹੋਣ), ਜਿਵੇਂ ਕਿ ਬੈਂਕ ਆਪਣੇ ਉਦੇਸ਼ਾਂ ਲਈ ਉਚਿਤ ਸਮਝੇ:
i) ਮੇਰੇ ਤੋਂ ਅਤੇ ਹੋਰ ਭੌਤਿਕ ਜਾਂ ਆਨਲਾਈਨ ਸਰੋਤਾਂ ਤੋਂ, ਜਿਸ ਵਿੱਚ WhatsApp ਵੀ ਸ਼ਾਮਲ ਹੈ, ਯੂਜ਼ਰ ਜਾਣਕਾਰੀ ਇਕੱਠੀ ਕਰਨਾ, ਕ੍ਰੈਡਿਟ ਜਾਣਕਾਰੀ ਕੰਪਨੀਆਂ ਤੋਂ ਉਸ ਤੱਕ ਪਹੁੰਚ ਹਾਸਲ ਕਰਨਾ, ਅਤੇ ਯੂਜ਼ਰ ਜਾਣਕਾਰੀ ਦੀ ਪ੍ਰਮਾਣਿਕਤਾ, ਸਟੀਕਤਾ, ਪੂਰਨਤਾ ਆਦਿ ਦੀ ਪੁਸ਼ਟੀ ਕਿਸੇ ਵੀ ਸਰੋਤ ਜਾਂ ਵਿਅਕਤੀ ਤੋਂ ਕਰਵਾਉਣਾ, ਜਿਸ ਵਿੱਚ ਆਨਲਾਈਨ ਡਾਟਾਬੇਸ ਵੀ ਸ਼ਾਮਲ ਹਨ; ਅਤੇ ਅਜਿਹੀ ਪਹੁੰਚ, ਕਲੈਕਸ਼ਨ, ਜਾਂ ਪੁਸ਼ਟੀ ਲਈ ਮੇਰੇ/ਸਾਡੇ ਵੱਲੋਂ ਅਤੇ ਮੇਰੇ/ਸਾਡੇ ਨਾਮ 'ਤੇ ਕਾਰਵਾਈ ਕਰਨਾ, ਜਿਸ ਵਿੱਚ ਆਨਲਾਈਨ ਪਲੇਟਫਾਰਮਾਂ 'ਤੇ ਮੇਰੇ/ਸਾਡੇ ਲਾਗ-ਇਨ ਅਤੇ ਪਾਸਵਰਡ ਕ੍ਰੀਡੈਂਸ਼ੀਅਲ ਦੀ ਵਰਤੋਂ ਵੀ ਸ਼ਾਮਲ ਹੈ; ਅਤੇ ਇਹ ਕਲੈਕਸ਼ਨ, ਪਹੁੰਚ ਅਤੇ ਪੁਸ਼ਟੀ ਮੈਨੂੰ/ਸਾਨੂੰ ਬਿਨਾਂ ਕੋਈ ਸੂਚਨਾ ਦਿੱਤੇ ਵੀ ਕੀਤੀ ਜਾ ਸਕਦੀ ਹੈ;
ii) ਯੂਜ਼ਰ ਜਾਣਕਾਰੀ ਦੀ ਪ੍ਰਕਿਰਿਆ ਕਰਨਾ, ਜਿਸ ਵਿੱਚ ਸਟੋਰ ਕਰਨਾ, ਢਾਂਚਾਬੱਧ ਕਰਨਾ, ਸੰਗਠਿਤ ਕਰਨਾ, ਕਾਪੀ ਕਰਨਾ, ਵਰਤੋਂ ਕਰਨਾ, ਪ੍ਰੋਫ਼ਾਈਲਿੰਗ ਆਦਿ ਸ਼ਾਮਲ ਹਨ, ਜਿਵੇਂ ਕਿ ਬੈਂਕ ਉਚਿਤ ਸਮਝੇ;

iii) ਯੂਜ਼ਰ ਜਾਣਕਾਰੀ ਨੂੰ ਉਸ ਅਵਧੀ ਲਈ ਸਟੋਰ ਕਰਨਾ ਜੋ ਇਕਰਾਰਨਾਮੇ ਲਈ, ਕਾਨੂੰਨ ਅਨੁਸਾਰ, ਜਾਂ ਬੈਂਕ ਦੇ ਸਬੂਤਾਂ ਅਤੇ ਦਾਅਵਿਆਂ ਦੇ ਉਦੇਸ਼ਾਂ ਲਈ ਲੋੜੀਂਦੀ ਹੋਵੇ, ਜੋ ਵੀ ਵਧੇਰੇ ਹੋਵੇ;

iv) ਯੂਜ਼ਰ ਜਾਣਕਾਰੀ ਨੂੰ ਸੇਵਾ ਪ੍ਰਦਾਤਾਵਾਂ, ਸਲਾਹਕਾਰਾਂ, ਕ੍ਰੈਡਿਟ ਜਾਣਕਾਰੀ ਕੰਪਨੀਆਂ, ਹੋਰ ਬੈਂਕਾਂ ਅਤੇ ਵਿੱਤੀ ਸੰਸਥਾਵਾਂ, ਸਹਾਇਕ ਇਕਾਈਆਂ, ਸਬਸਿਡਰੀਆਂ, ਨਿਯਮਕ ਸੰਸਥਾਵਾਂ, ਜਾਂਚ ਏਜੰਸੀਆਂ, ਨਿਆਂਇਕ, ਅਰਧ-ਨਿਆਂਇਕ ਅਤੇ ਕਾਨੂੰਨੀ ਅਧਿਕਾਰੀਆਂ ਜਾਂ ਹੋਰ ਵਿਅਕਤੀਆਂ ਨਾਲ ਸਾਂਝਾ ਕਰਨਾ ਜਾਂ ਪ੍ਰਗਟ ਕਰਨਾ, ਜਿਵੇਂ ਕਿ ਇਕਰਾਰਨਾਮੇ ਜਾਂ ਕਾਨੂੰਨੀ ਲੋੜਾਂ, ਬੈਂਕ ਦੇ ਵਾਜਬ ਹਿਤਾਂ ਜਾਂ ਦਿੱਤੀ ਗਈ ਸਹਿਮਤੀ ਦੇ ਅਨੁਸਾਰ ਲੋੜੀਂਦਾ ਹੋਵੇ;

v) ਉਪਰੋਕਤ ਵਿੱਚੋਂ ਕੋਈ ਵੀ ਅਧਿਕਾਰ ਬੈਂਕ ਵੱਲੋਂ ਉਪਰ ਦਰਸਾਏ ਉਦੇਸ਼ਾਂ ਲਈ, ਕ੍ਰੈਡਿਟ ਮੁਲਾਂਕਣ, ਧੋਖਾਧੜੀ ਪਤਾ ਲਗਾਉਣ, ਐਂਟੀ–ਮਨੀ ਲਾਂਡਰਿੰਗ ਜ਼ਿੰਮੇਵਾਰੀਆਂ, ਇਕਰਾਰਨਾਮੇ ਵਿੱਚ ਪ੍ਰਵੇਸ਼ ਕਰਨ, ਡਾਇਰੈਕਟ ਮਾਰਕੀਟਿੰਗ, ਕ੍ਰੈਡਿਟ ਸਕੋਰਿੰਗ ਮਾਡਲ ਅਤੇ ਵਪਾਰਕ ਰਣਨੀਤੀਆਂ ਵਿਕਸਿਤ ਕਰਨ, ਨਿਗਰਾਨੀ, ਸੇਵਾਵਾਂ ਅਤੇ ਉਤਪਾਦਾਂ ਦੀ ਗੁਣਵੱਤਾ ਦਾ ਮੁਲਾਂਕਣ ਅਤੇ ਸੁਧਾਰ ਕਰਨ, ਹੋਰ ਵਾਜਬ ਉਦੇਸ਼ਾਂ ਜਾਂ ਸਹਿਮਤੀ ਅਨੁਸਾਰ ਕਿਸੇ ਵੀ ਹੋਰ ਉਦੇਸ਼ ਲਈ ਵਰਤੇ ਜਾ ਸਕਦੇ ਹਨ.

ਯੂਜ਼ਰ ਇਹ ਮੰਨਦਾ ਹੈ ਕਿ ਬੈਂਕ ਨੇ ਸੇਵਾਵਾਂ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਜਿਵੇਂ ਕਿ ਸਟੋਰੇਜ, ਸਾਫਟਵੇਅਰ/ਹਾਰਡਵੇਅਰ ਲੋੜਾਂ, ਬੇਨਤੀਆਂ ਦੀ ਪ੍ਰਕਿਰਿਆ, ਇੰਜਨ, ਜਵਾਬ ਆਦਿ ਲਈ ਸਮੇਂ-ਸਮੇਂ 'ਤੇ ਸੇਵਾ ਪ੍ਰਦਾਤਾ ਨਿਯੁਕਤ ਕੀਤੇ ਹਨ ਜਾਂ ਕਰ ਸਕਦਾ ਹੈ. ਯੂਜ਼ਰ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੈ. ਯੂਜ਼ਰ ਇੱਥੇ ਪੁਸ਼ਟੀ ਕਰਦਾ ਹੈ ਕਿ ਉਪਰੋਕਤ (i) ਤੋਂ (v) ਤੱਕ ਦਿੱਤੇ ਗਏ ਸਾਰੇ ਅਧਿਕਾਰ ਅਤੇ ਅਨੁਮਤੀਆਂ ਬੈਂਕ ਦੇ ਸੇਵਾ ਪ੍ਰਦਾਤਾਵਾਂ 'ਤੇ ਵੀ ਲਾਗੂ ਹੁੰਦੀਆਂ ਹਨ ਅਤੇ ਬੈਂਕ ਅਤੇ ਇਸ ਦੇ ਸੇਵਾ ਪ੍ਰਦਾਤਾਵਾਂ ਦਰਮਿਆਨ ਸਾਂਝ ਅਤੇ ਪ੍ਰਗਟਾਵੇ ਲਈ ਵੀ ਪ੍ਰਦਾਨ ਕੀਤੀਆਂ ਗਈਆਂ ਹਨ. ਯੂਜ਼ਰ ਇੱਥੇ ਸਪਸ਼ਟ ਤੌਰ 'ਤੇ ਬੈਂਕ ਅਤੇ/ਜਾਂ ਇਸ ਦੀਆਂ ਸਹਾਇਕ ਇਕਾਈਆਂ ਨੂੰ ਯੂਜ਼ਰ ਜਾਣਕਾਰੀ ਦੀ ਵਰਤੋਂ ਕਰਨ ਅਤੇ ਸਮੇਂ-ਸਮੇਂ 'ਤੇ ਆਪਣੇ ਵੱਖ-ਵੱਖ ਉਤਪਾਦਾਂ ਅਤੇ ਸੇਵਾਵਾਂ ਦੀ ਕ੍ਰਾਸ-ਸੇਲਿੰਗ ਕਰਨ ਲਈ ਸਹਿਮਤੀ ਦਿੰਦਾ ਹੈ.

## 12. ਗੋਪਨੀਯਤਾ ਪਾਲਿਸੀ

ਯੂਜ਼ਰ ਇਹ ਪੁਸ਼ਟੀ ਕਰਦਾ/ਕਰਦੀ ਹੈ ਕਿ ਉਸਨੇ ਬੈਂਕ ਦੀ ਗੋਪਨੀਯਤਾ ਨੀਤੀ ਨੂੰ ਪੜ੍ਹ ਲਿਆ ਹੈ, ਸਮਝ ਲਿਆ ਹੈ ਅਤੇ ਸਵੀਕਾਰ ਕਰ ਲਿਆ ਹੈ, ਜੋ ਕਿ https://www.Axisbank.com/aboutus/terms_conditions/privacy.htm 'ਤੇ ਉਪਲਬਧ ਹੈ ("**ਗੋਪਨੀਯਤਾ ਨੀਤੀ**") - ਬੈਂਕ ਵੱਲੋਂ ਸਮੇਂ-ਸਮੇਂ 'ਤੇ ਕੀਤੀਆਂ ਜਾਣ ਵਾਲੀਆਂ ਇਸ ਨਾਲ ਸੰਬੰਧਿਤ ਸਾਰੀਆਂ ਤਬਦੀਲੀਆਂ ਯੂਜ਼ਰ 'ਤੇ ਬੱਝਵੀਆਂ ਹੋਣਗੀਆਂ ਅਤੇ ਯੂਜ਼ਰ ਇਹ ਯਕੀਨੀ ਬਣਾਏਗਾ ਕਿ ਉਹ ਬੈਂਕ ਦੀ ਵੈੱਬਸਾਈਟ ਦੀ ਵਰਤੋਂ ਕਰਕੇ ਸਮੇਂ-ਸਮੇਂ 'ਤੇ ਲਾਗੂ ਗੋਪਨੀਯਤਾ ਨੀਤੀਆਂ ਬਾਰੇ ਆਪਣੇ ਆਪ ਨੂੰ ਅੱਪਡੇਟ ਰੱਖੇ.

## 13. ਇੰਡੈਮਨਿਟੀ (ਮੁਆਵਜ਼ਾ)

ਯੂਜ਼ਰ ਇਹ ਵਚਨ ਦਿੰਦਾ ਹੈ ਕਿ ਉਹ ਇਨ੍ਹਾਂ ਨਿਯਮ ਅਤੇ ਸ਼ਰਤਾਂ ਅਧੀਨ ਦਿੱਤੀਆਂ ਗਈਆਂ ਕਿਸੇ ਵੀ ਸ਼ਰਤ, ਬਿਆਨ, ਵਚਨਬੱਧਤਾ, ਪ੍ਰਤੀਨਿਧਤਾ ਜਾਂ ਵਾਰੰਟੀ ਦੀ ਉਲੰਘਣਾ ਦੇ ਸਾਰੇ ਨਤੀਜਿਆਂ ਤੋਂ ਬੈਂਕ ਅਤੇ ਇਸ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਪੂਰੀ ਤਰ੍ਹਾਂ ਮੁਆਵਜ਼ਾ ਦੇਵੇਗਾ ਅਤੇ ਨੁਕਸਾਨ-ਰਹਿਤ ਰੱਖੇਗਾ, ਅਤੇ ਜੇਕਰ ਕਿਸੇ ਵੀ ਵੇਲੇ ਇਹਨਾਂ ਵਿੱਚੋਂ ਕੋਈ ਵੀ ਗਲਤ ਸਾਬਤ ਹੁੰਦੀ ਹੈ, ਤਾਂ ਉਸ ਸਥਿਤੀ ਵਿੱਚ ਵੀ ਜਿਸ ਵਿੱਚ ਕਿਸੇ ਵੀ ਕਿਸਮ ਦੀ ਕਾਰਵਾਈ, ਨੋਟਿਸ, ਮੁਕੱਦਮੇ, ਦਾਅਵੇ, ਕਾਰਵਾਈਆਂ, ਨੁਕਸਾਨ, ਦੇਣਦਾਰੀਆਂ, ਹਾਨੀਆਂ, ਖਰਚੇ, ਲਾਗਤਾਂ ਜਾਂ ਟੈਕਸ ਸ਼ਾਮਲ ਹਨ, ਜੋ ਬੈਂਕ ਨੂੰ ਭੋਗਣੀਆਂ ਪੈਣ ਜਾਂ ਉਠਾਉਣੀਆਂ ਪੈਣ, ਭਾਵੇਂ ਉਹ ਕਿਸੇ ਵੀ ਥਰਡ ਪਾਰਟੀ ਵੱਲੋਂ ਹੀ ਕਿਉਂ ਨਾ ਹੋਣ.

## 14. ਸੇਵਾਵਾਂ ਨੂੰ ਵਾਪਸ ਲੈਣਾ

ਬੈਂਕ ਆਪਣੇ ਪੂਰੇ ਅਤੇ ਪੂਰਨ ਵਿਵੇਕ ਅਧਿਕਾਰ ਅਨੁਸਾਰ, ਕਿਸੇ ਵੀ ਵੇਲੇ, ਯੂਜ਼ਰ ਤੋਂ ਬਿਨਾਂ ਕਿਸੇ ਇਜਾਜ਼ਤ ਜਾਂ ਸੂਚਨਾ ਦੇ, ਕਿਸੇ ਵੀ ਸੇਵਾ ਦੀ ਵਰਤੋਂ ਨੂੰ ਵਾਪਸ ਲੈਣ/ਬੰਦ ਕਰਨ/ਮੁਅੱਤਲ ਕਰਨ/ਨਾਮੰਜ਼ੂਰ ਕਰਨ ਦਾ ਅਧਿਕਾਰ ਰੱਖਦਾ ਹੈ.

## 15. ਨਿਯਮਾਂ ਅਤੇ ਸ਼ਰਤਾਂ ਦੀ ਲਾਜ਼ਮੀ ਪ੍ਰਕਿਰਤੀ

ਯੂਜ਼ਰ ਇਸ ਗੱਲ ਨਾਲ ਸਹਿਮਤ ਹੈ ਕਿ ਸੇਵਾ ਦੀ ਵਰਤੋਂ ਕਰਕੇ, ਵਨ ਵੇ ਕਮਿਊਨੀਕੇਸ਼ਨ ਅਤੇ/ਜਾਂ ਟੂ ਵੇ ਕਮਿਊਨੀਕੇਸ਼ਨ ਦੀ ਵਰਤੋਂ ਕਰਕੇ, WhatsApp 'ਤੇ ਬੈਂਕ ਰਜਿਸਟਰਡ ਨੰਬਰ 'ਤੇ ਕੋਈ ਵੀ ਸੰਚਾਰ/ਮੈਸੇਜ ਭੇਜ ਕੇ, ਇੱਥੇ ਦਿੱਤੀ ਗਈ ਰਜਿਸਟਰੇਸ਼ਨ ਪ੍ਰਕਿਰਿਆ ਪੂਰੀ ਕਰਕੇ, ਇਨ੍ਹਾਂ ਨਿਯਮ ਅਤੇ ਸ਼ਰਤਾਂ ਨੂੰ ਸਵੀਕਾਰ ਕਰਕੇ ਅਤੇ/ਜਾਂ ਗੋਪਨੀਯਤਾ ਨੀਤੀ ਨੂੰ ਸਵੀਕਾਰ ਕਰਕੇ, ਇਹ ਮੰਨਿਆ ਜਾਵੇਗਾ ਕਿ ਯੂਜ਼ਰ ਨੇ ਇਨ੍ਹਾਂ ਸਾਰੇ ਨਿਯਮ ਅਤੇ ਸ਼ਰਤਾਂ ਨੂੰ ਪੜ੍ਹ ਲਿਆ ਹੈ, ਸਮਝ ਲਿਆ ਹੈ ਅਤੇ ਬਿਨਾਂ ਕਿਸੇ ਸ਼ਰਤ ਦੇ ਅਟੱਲ ਤੌਰ 'ਤੇ ਸਵੀਕਾਰ ਕਰ ਲਿਆ ਹੈ, ਅਤੇ ਇਹ ਨਿਯਮ ਅਤੇ ਸ਼ਰਤਾਂ ਯੂਜ਼ਰ 'ਤੇ ਉਸੇ ਤਰ੍ਹਾਂ ਬੱਝਵੀਆਂ ਹੋਣਗੀਆਂ ਜਿਵੇਂ ਕਿ ਯੂਜ਼ਰ ਨੇ ਇਹਨਾਂ ਨੂੰ ਲਿਖਤੀ ਰੂਪ ਵਿੱਚ ਮੰਨਿਆ ਹੋਵੇ.

## 16. ਮਾਲਿਕਾਨਾ ਹੱਕ

ਯੂਜ਼ਰ ਇਹ ਸਵੀਕਾਰ ਕਰਦਾ ਹੈ ਕਿ ਸੇਵਾਵਾਂ ਪ੍ਰਦਾਨ ਕਰਨ ਲਈ ਲੋੜੀਂਦਾ ਸਾਫਟਵੇਅਰ ਅਤੇ/ ਜਾਂ ਹੋਰ ਇੰਟਰਨੈੱਟ ਸੰਬੰਧੀ ਸਾਫਟਵੇਅਰ ਅਤੇ ਇਸ ਪ੍ਰਕਿਰਿਆ ਦੌਰਾਨ ਬੈਂਕ ਦੇ ਕੋਈ ਵੀ ਬੌਧਿਕ ਸੰਪਤੀ ਅਧਿਕਾਰ ਬੈਂਕ ਅਤੇ/ਜਾਂ ਸੰਬੰਧਿਤ ਵਿਕਰੇਤਾਵਾਂ ਦੀ ਕਾਨੂੰਨੀ ਸੰਪਤੀ ਹਨ. ਬੈਂਕ ਵੱਲੋਂ ਯੂਜ਼ਰ ਨੂੰ ਸੇਵਾਵਾਂ ਲੈਣ ਦੀ ਦਿੱਤੀ ਗਈ ਇਜਾਜ਼ਤ ਨਾਲ, ਉਕਤ ਸਾਫਟਵੇਅਰ ਜਾਂ ਬੈਂਕ ਦੇ ਬੌਧਿਕ ਸੰਪਤੀ ਅਧਿਕਾਰਾਂ 'ਤੇ ਯੂਜ਼ਰ ਜਾਂ ਕਿਸੇ ਹੋਰ ਵਿਅਕਤੀ ਨੂੰ ਕੋਈ ਵੀ ਅਧਿਕਾਰ, ਹੱਕ ਜਾਂ ਦਾਅਵਾ ਪ੍ਰਾਪਤ ਨਹੀਂ ਹੁੰਦਾ. ਯੂਜ਼ਰ ਇਸ ਗੱਲ ਨਾਲ ਸਹਿਮਤ ਹੈ ਕਿ ਉਹ ਅਜਿਹੇ ਕਿਸੇ ਵੀ ਸਾਫਟਵੇਅਰ ਨੂੰ ਬਦਲਣ, ਅਨੁਵਾਦ ਕਰਨ, ਖੋਲ੍ਹਣ, ਡੀਕੰਪਾਈਲ ਕਰਨ ਜਾਂ ਰਿਵਰਸ ਇੰਜੀਨੀਅਰ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ ਅਤੇ ਨਾ ਹੀ ਉਸ ਸਾਫਟਵੇਅਰ ਦੇ ਆਧਾਰ 'ਤੇ ਕੋਈ ਵੀ ਡੈਰੀਵੇਟਿਵ ਉਤਪਾਦ ਤਿਆਰ ਕਰੇਗਾ.

## 17. ਸੇਵਾਵਾਂ ਦਾ ਡੀ-ਰਜਿਸਟਰੇਸ਼ਨ -

ਯੂਜ਼ਰ ਬੈਂਕ ਵੱਲੋਂ ਸਮੇਂ-ਸਮੇਂ 'ਤੇ ਨਿਰਧਾਰਤ ਕੀਤੀ ਗਈ ਪ੍ਰਕਿਰਿਆ ਅਨੁਸਾਰ ਕਿਸੇ ਵੀ ਵੇਲੇ ਸੇਵਾਵਾਂ ਦਾ ਡੀ-ਰਜਿਸਟਰੇਸ਼ਨ/ਅਨ-ਸਬਸਕ੍ਰਿਪਸ਼ਨ ਲਈ ਬੇਨਤੀ ਕਰ ਸਕਦਾ ਹੈ. ਹਾਲਾਂਕਿ, ਇਸ ਦੇ ਲਾਗੂ ਹੋਣ ਲਈ ਬੈਂਕ ਵੱਲੋਂ ਲੋੜੀਂਦਾ ਸਮਾਂ

ਲੱਗ ਸਕਦਾ ਹੈ. ਯੂਜ਼ਰ ਇਸ ਗੱਲ ਨਾਲ ਸਹਿਮਤ ਹੈ ਕਿ ਬੈਂਕ ਵੱਲੋਂ ਸੇਵਾਵਾਂ ਦੇ ਰੱਦ ਹੋਣ ਦੇ ਪ੍ਰਭਾਵੀ ਹੋਣ ਤੋਂ ਪਹਿਲਾਂ ਸੇਵਾਵਾਂ ਦੀ ਵਰਤੋਂ ਕਰਕੇ ਬੈਂਕ ਨੂੰ ਭੇਜੀਆਂ ਗਈਆਂ ਕਿਸੇ ਵੀ ਬੇਨਤੀਆਂ/ਮੈਸੇਜ ਲਈ ਯੂਜ਼ਰ ਜ਼ਿੰਮੇਵਾਰ ਰਹੇਗਾ. ਬੈਂਕ ਨੂੰ ਕਿਸੇ ਵੀ ਕਾਰਨ ਬਿਨਾਂ, ਆਪਣੇ ਪੂਰੇ ਵਿਵੇਕ ਅਧਿਕਾਰ ਅਨੁਸਾਰ, ਕਿਸੇ ਵੀ ਸਮੇਂ ਯੂਜ਼ਰ ਵੱਲੋਂ ਸੇਵਾਵਾਂ ਦੀ ਵਰਤੋਂ ਨੂੰ ਬੰਦ/ਮੁਅੱਤਲ/ਖਤਮ ਕਰਨ ਦਾ ਅਧਿਕਾਰ ਹੋਵੇਗਾ. ਜੇਕਰ ਇਹ ਨਿਯਮ ਅਤੇ ਸ਼ਰਤਾਂ ਦੀ ਉਲੰਘਣਾ ਹੁੰਦੀ ਹੈ, ਤਾਂ ਬੈਂਕ ਬਿਨਾਂ ਕਿਸੇ ਪੂਰਵ ਸੂਚਨਾ ਦੇ ਸੇਵਾਵਾਂ/ਸੁਵਿਧਾਵਾਂ ਨੂੰ ਬੰਦ, ਮੁਅੱਤਲ ਜਾਂ ਸਮਾਪਤ ਵੀ ਕਰ ਸਕਦਾ ਹੈ.

**18. ਸੂਚਨਾਵਾਂ -**

ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਧੀਨ ਬੈਂਕ ਅਤੇ ਯੂਜ਼ਰ ਹੇਠ ਲਿਖੇ ਤਰੀਕਿਆਂ ਨਾਲ ਸੂਚਨਾਵਾਂ ਦੇ ਸਕਦੇ ਹਨ:

a) ਇਲੈਕਟ੍ਰਾਨਿਕ ਤੌਰ 'ਤੇ, ਯੂਜ਼ਰ ਦੇ ਬੈਂਕ ਨਾਲ ਰਜਿਸਟਰਡ ਈ-ਮੇਲ ਆਈਡੀ, ਮੋਬਾਈਲ ਨੰਬਰ ਅਤੇ/ਜਾਂ WhatsApp ਰਾਹੀਂ. ਅਜਿਹੀਆਂ ਸੂਚਨਾਵਾਂ ਲਿਖਤੀ ਰੂਪ ਵਿੱਚ ਹੀ ਮੰਨੀਆਂ ਜਾਣਗੀਆਂ.

b) ਲਿਖਤੀ ਰੂਪ ਵਿੱਚ, ਹੱਥੋਂ ਸਪੁਰਦ ਕਰਕੇ ਜਾਂ ਯੂਜ਼ਰ ਵੱਲੋਂ ਦਿੱਤੇ ਆਖਰੀ ਐਡਰੈੱਸ 'ਤੇ ਡਾਕ ਰਾਹੀਂ ਭੇਜ ਕੇ.

c) ਬੈਂਕ ਨੂੰ ਸੂਚਨਾ ਦੇਣ ਲਈ ਐਡਰੈੱਸ: ਐਕਸਿਸ ਬੈਂਕ ਲਿਮਿਟੇਡ, ਐਕਸਿਸ ਹਾਊਸ, ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੁਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ 400 025 -

ਇਸ ਤੋਂ ਇਲਾਵਾ, ਬੈਂਕ ਸਾਰਿਆਂ ਯੂਜ਼ਰਾਂ 'ਤੇ ਲਾਗੂ ਹੋਣ ਵਾਲੀਆਂ ਆਮ ਸੂਚਨਾਵਾਂ ਨੂੰ ਆਪਣੀ ਵੈੱਬਸਾਈਟ ਅਤੇ/ਜਾਂ ਨੈੱਟ ਬੈਂਕਿੰਗ ਪੇਜ 'ਤੇ ਵੀ ਪ੍ਰਕਾਸ਼ਿਤ ਕਰ ਸਕਦਾ ਹੈ. ਅਜਿਹੀਆਂ ਸੂਚਨਾਵਾਂ ਦਾ ਪ੍ਰਭਾਵ ਯੂਜ਼ਰ ਨੂੰ ਵਿਅਕਤੀਗਤ ਤੌਰ 'ਤੇ ਦਿੱਤੀ ਗਈ ਸੂਚਨਾ ਦੇ ਬਰਾਬਰ ਹੋਵੇਗਾ.

**19. ਸ਼ਾਸਕੀ ਕਾਨੂੰਨ ਅਤੇ ਵਿਵਾਦ ਦਾ ਹੱਲ**

ਇਹ ਨਿਯਮ ਅਤੇ ਸ਼ਰਤਾਂ ਅਤੇ/ਜਾਂ WhatsApp ਰਾਹੀਂ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦੀ ਵਰਤੋਂ ਭਾਰਤ ਗਣਰਾਜ ਦੇ ਕਾਨੂੰਨਾਂ ਦੇ ਅਧੀਨ ਹੋਵੇਗੀ ਅਤੇ ਕਿਸੇ ਹੋਰ ਦੇਸ਼ ਦੇ ਕਾਨੂੰਨ ਲਾਗੂ ਨਹੀਂ ਹੋਣਗੇ. ਯੂਜ਼ਰ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਧੀਨ ਪੈਦਾ ਹੋਣ ਵਾਲੇ ਕਿਸੇ ਵੀ ਦਾਅਵੇ ਜਾਂ ਮਾਮਲੇ ਸੰਬੰਧੀ ਮੁੰਬਈ, ਭਾਰਤ ਵਿੱਚ ਸਥਿਤ ਅਦਾਲਤਾਂ ਦੇ ਵਿਸ਼ੇਸ਼ ਅਧਿਕਾਰ ਖੇਤਰ ਨੂੰ ਸਵੀਕਾਰ ਕਰਦਾ ਹੈ.

ਭਾਰਤ ਗਣਰਾਜ ਤੋਂ ਇਲਾਵਾ ਕਿਸੇ ਹੋਰ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਨਾ ਹੋਣ ਕਾਰਨ ਬੈਂਕ ਕਿਸੇ ਵੀ ਤਰ੍ਹਾਂ ਦੀ ਸਿੱਧੀ ਜਾਂ ਅਸਿੱਧੀ ਦੇਣਦਾਰੀ ਸਵੀਕਾਰ ਨਹੀਂ ਕਰੇਗਾ. ਸਿਰਫ ਇਸ ਗੱਲ ਨਾਲ ਕਿ ਕੋਈ ਗਾਹਕ ਭਾਰਤ ਤੋਂ ਬਾਹਰ ਕਿਸੇ ਦੇਸ਼ ਵਿੱਚ ਇੰਟਰਨੈੱਟ ਰਾਹੀਂ ਸੇਵਾ ਤੱਕ ਪਹੁੰਚ ਕਰ ਸਕਦਾ ਹੈ, ਇਹ ਅਰਥ ਨਹੀਂ ਲਿਆ ਜਾਵੇਗਾ ਕਿ ਉਸ ਦੇਸ਼ ਦੇ ਕਾਨੂੰਨ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਤੇ/ਜਾਂ ਸੇਵਾਵਾਂ ਦੀ ਵਰਤੋਂ 'ਤੇ ਲਾਗੂ ਹੋਣਗੇ.

**20. ਜਨਰਲ**

ਇਸ ਸਮਝੌਤੇ ਵਿੱਚ ਦਿੱਤੇ ਗਏ ਕਲਾਜ਼ ਸਿਰਲੇਖ ਸਿਰਫ਼ ਸਹੂਲਤ ਲਈ ਹਨ ਅਤੇ ਸੰਬੰਧਿਤ ਕਲਾਜ਼ ਦੇ ਅਰਥਾਂ ਨੂੰ ਪ੍ਰਭਾਵਿਤ ਨਹੀਂ ਕਰਦੇ. ਯੂਜ਼ਰ ਇਸ ਸਮਝੌਤੇ ਨੂੰ ਕਿਸੇ ਹੋਰ ਵਿਅਕਤੀ ਨੂੰ ਸੌਂਪਣ ਦਾ ਹੱਕਦਾਰ ਨਹੀਂ ਹੋਵੇਗਾ. ਬੈਂਕ ਸੇਵਾਵਾਂ ਦੇ ਨਿਰਵਾਹ ਜਾਂ ਇਸ ਨਾਲ ਸੰਬੰਧਿਤ ਕਿਸੇ ਵੀ ਮਕਸਦ ਲਈ ਸਬ-ਕਾਂਟ੍ਰੈਕਟ ਕਰ ਸਕਦਾ ਹੈ ਜਾਂ ਏਜੰਟ ਨਿਯੁਕਤ ਕਰ ਸਕਦਾ ਹੈ. ਬੈਂਕ ਆਪਣੇ ਵਿਵੇਕ ਅਧਿਕਾਰ ਅਨੁਸਾਰ, ਬਿਨਾਂ ਯੂਜ਼ਰ ਨੂੰ ਸੂਚਨਾ ਦੇਣ ਜਾਂ ਉਸ ਦੀ ਮਨਜ਼ੂਰੀ ਲੈਣ ਦੀ ਲੋੜ ਤੋਂ, ਆਪਣੇ ਕਿਸੇ ਵੀ ਅਧਿਕਾਰ ਅਤੇ/ਜਾਂ ਜ਼ਿੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਕਿਸੇ ਵੀ ਵਿਅਕਤੀ ਨੂੰ ਸੌਂਪ ਜਾਂ ਟ੍ਰਾਂਸਫਰ ਕਰ ਸਕਦਾ ਹੈ.

**21. ਸਵੀਕ੍ਰਿਤੀ ਅਤੇ ਹਸਤਾਖਰ**

**ਯੂਜ਼ਰ ਇੱਥੇ ਸਪਸ਼ਟ ਤੌਰ 'ਤੇ ਇਹ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਯੂਜ਼ਰ ਨੇ ਇੱਥੇ ਸ਼ਾਮਲ ਸਾਰੇ ਨਿਯਮ ਅਤੇ ਸ਼ਰਤਾਂ ਨੂੰ ਪੜ੍ਹ ਲਿਆ ਹੈ, ਜਾਂਚ ਲਿਆ ਹੈ, ਸਮਝ ਲਿਆ ਹੈ ਅਤੇ ਅਟੱਲ ਤੌਰ 'ਤੇ ਸਹਿਮਤੀ ਦਿੱਤੀ ਹੈ ਅਤੇ ਬੈਂਕ ਰਜਿਸਟਰਡ ਨੰਬਰ 'ਤੇ WhatsApp ਰਾਹੀਂ ਕੋਈ ਵੀ ਮੈਸੇਜ ਭੇਜ ਕੇ/ਕੋਈ ਵੀ ਸੰਚਾਰ ਕਰ ਕੇ, ਇਹ ਸਾਰੀਆਂ ਨਿਯਮ ਅਤੇ ਸ਼ਰਤਾਂ**

ਆਨਲਾਈਨ ਸਵੀਕਾਰ ਅਤੇ ਪ੍ਰਦਾਨ ਕਰ ਦਿੱਤੀਆਂ ਹਨ. ਯੂਜ਼ਰ ਇੱਥੇ ਸਪਸ਼ਟ ਤੌਰ ’ਤੇ ਇਹ ਵੀ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਉਪਰੋਕਤ ਤਰੀਕੇ ਨਾਲ ਇਨ੍ਹਾਂ ਨਿਯਮ ਅਤੇ ਸ਼ਰਤਾਂ ਨੂੰ ਸਵੀਕਾਰ ਅਤੇ ਹਸਤਾਖਰ ਕਰਦੇ ਸਮੇਂ, ਯੂਜ਼ਰ ਇਨ੍ਹਾਂ ਨਿਯਮ ਅਤੇ ਸ਼ਰਤਾਂ ਅਨੁਸਾਰ ਸੇਵਾਵਾਂ ਦੀ ਵਰਤੋਂ ਕਰਨ ਲਈ ਯੋਗਤਾ ਪੂਰੀ ਕਰਦਾ ਹੈ ਅਤੇ ਯੂਜ਼ਰ (i) ਇੱਕ ਵਿਅਕਤੀਗਤ ਹੈ; (ii) ਬਾਲਗ ਹੈ; (iii) ਸਿਹਤਮੰਦ ਮਨ ਦਾ ਹੈ, ਆਰਥਿਕ ਤੌਰ ’ਤੇ ਸਮਰੱਥ ਹੈ ਅਤੇ ਇਕਰਾਰਨਾਮਾ ਕਰਨ ਯੋਗ ਹੈ; (iv) ਭਾਰਤ ਦਾ ਨਿਵਾਸੀ ਹੈ; ਅਤੇ (v) ਸੇਵਾਵਾਂ ਦੀ ਵਰਤੋਂ ਸਮੇਂ ਭਾਰਤ ਦੇ ਖੇਤਰ ਅੰਦਰ ਮੌਜੂਦ ਹੈ. ਬੈਂਕ ਆਪਣੀ ਮਰਜ਼ੀ ਅਨੁਸਾਰ ਇਲੈਕਟ੍ਰਾਨਿਕ ਰਿਕਾਰਡ ਦੀਆਂ ਕਾਗਜ਼ੀ ਕਾਪੀਆਂ ਪ੍ਰਿੰਟ ਕਰ ਸਕਦਾ ਹੈ ਜਾਂ ਇਸ ਦਸਤਾਵੇਜ਼ ਅਤੇ ਉਪਰੋਕਤ ਤਰੀਕੇ ਨਾਲ ਯੂਜ਼ਰ ਦੇ ਹਸਤਾਖਰਾਂ ਨੂੰ ਕਿਸੇ ਵੀ ਹੋਰ ਰੂਪ ਵਿੱਚ ਤਿਆਰ ਕਰ ਸਕਦਾ ਹੈ, ਅਤੇ ਇਹ ਸਭ ਯੂਜ਼ਰ ’ਤੇ ਪੂਰੀ ਤਰ੍ਹਾਂ ਬੱਝਵਾਂ ਹੋਵੇਗਾ ਅਤੇ ਯੂਜ਼ਰ ਨੂੰ ਇਸ ਗੱਲ ’ਤੇ ਕੋਈ ਇਤਰਾਜ਼ ਨਹੀਂ ਹੋਵੇਗਾ ਕਿ ਬੈਂਕ ਵੱਲੋਂ ਅਜਿਹੀਆਂ ਪ੍ਰਿੰਟ ਕਾਪੀਆਂ ਜਾਂ ਹੋਰ ਕਿਸੇ ਵੀ ਰੂਪ (ਬੈਂਕ ਦੀ ਮਰਜ਼ੀ ਅਨੁਸਾਰ) ਨੂੰ ਕਿਸੇ ਵੀ ਅਦਾਲਤ, ਟ੍ਰਿਬਿਊਨਲ ਜਾਂ ਹੋਰ ਕਿਸੇ ਮੰਚ ’ਤੇ ਸਬੂਤ ਵਜੋਂ ਪੇਸ਼ ਕੀਤਾ ਜਾਵੇ, ਤਾਂ ਜੋ ਕਰਾਰ ਦੀ ਸਵੀਕਾਰਤਾ, ਲਾਗੂ ਕਰਨ ਅਤੇ ਸਮੱਗਰੀ ਨੂੰ ਸਾਬਤ ਕੀਤਾ ਜਾ ਸਕੇ.

**22. ਸ਼ੁਲਕ**

ਸ਼ੁਲਕਾਂ ਦਾ ਵੇਰਵਾ, ਜਿੱਥੇ ਵੀ ਲਾਗੂ ਹੁੰਦਾ ਹੈ, ਸ਼ੁਲਕਾਂ ਦੇ ਸ਼ੈਡਿਊਲ ਵਿੱਚ ਸਪੱਸ਼ਟ ਤੌਰ 'ਤੇ ਪ੍ਰਗਟ ਕੀਤਾ ਜਾਵੇਗਾ:
ਸ਼ੁਲਕ ਅਤੇ ਫੀਸ - ਸਾਰੀਆਂ ਲੋਨ ਅਤੇ ਖਾਤਾ ਸੇਵਾਵਾਂ | ਐਕਸਿਸ ਬੈਂਕ